ਇਕ ਨਜ਼ਰ

ਰੁਪਿਆ 12 ਪੈਸੇ ਟੁੱਟ ਕੇ 95.74 ਪ੍ਰਤੀ ਡਾਲਰ ’ਤੇ

ਮੁੰਬਈ : ਅਮਰੀਕੀ ਕਰੰਸੀ ’ਚ ਵਿਆਪਕ ਮਜ਼ਬੂਤੀ ਅਤੇ ਕੱਚੇ ਤੇਲ ਦੀਆਂ ਕੀਮਤਾਂ ’ਚ ਮਾਮੂਲੀ ਸੁਧਾਰ ਵਿਚਾਲੇ ਰੁਪਿਆ ਬੁੱਧਵਾਰ ਨੂੰ 12 ਪੈਸੇ ਟੁੱਟ ਕੇ 95.74 ਪ੍ਰਤੀ ਡਾਲਰ ’ਤੇ ਰਿਹਾ। ਵਿਦੇਸ਼ੀ ਕਰੰਸੀ ਕਾਰੋਬਾਰੀਆਂ ਨੇ ਕਿਹਾ ਕਿ ਅਮਰੀਕੀ ਫੈਡਰਲ ਰਿਜ਼ਰਵ ਦੇ ਅਧਿਕਾਰੀਆਂ ਦੇ ਸਖ਼ਤ ਰੁਖ਼ ਨਾਲ ਡਾਲਰ ਮਜ਼ਬੂਤ ਹੋਇਆ ਹੈ। ਅਮਰੀਕੀ ਫੈਡਰਲ ਰਿਜ਼ਰਵ ਵੱਲੋਂ 2026 ’ਚ ਵਿਆਜ ਦਰਾਂ ’ਚ ਵਾਧੇ ਦੇ ਆਸਾਰ ਵਧ ਗਏ ਹਨ। ਹਾਲਾਂਕਿ, ਘਰੇਲੂ ਬਾਜ਼ਾਰਾਂ ’ਚ ਸਕਾਰਾਤਮਕ ਰੁਖ਼ ਨੇ ਰੁਪਏ ਨੂੰ ਹੇਠਲੇ ਪੱਧਰ ’ਤੇ ਸਮਰਥਨ ਦਿੱਤਾ। ਰੁਪਿਆ ਮੰਗਲਵਾਰ ਨੂੰ 16 ਪੈਸੇ ਮਜ਼ਬੂਤ ਹੋ ਕੇ 95.62 ਪ੍ਰਤੀ ਡਾਲਰ ’ਤੇ ਬੰਦ ਹੋਇਆ ਸੀ।

ਲੰਡਨ ’ਚ ਸੂਚੀਬੱਧ ਹੋਵੇਗੀ ਏਅਰਟੈੱਲ ਮਨੀ

ਨਵੀਂ ਦਿੱਲੀ : ਭਾਰਤੀ ਏਅਰਟੈੱਲ ਦੀ ਵਿੱਤੀ-ਤਕਨਾਲੋਜੀ ਇਕਾਈ ਏਅਰਟੈੱਲ ਮਨੀ ਨੇ ਬੁੱਧਵਾਰ ਨੂੰ ਲੰਡਨ ਸ਼ੇਅਰ ਬਾਜ਼ਾਰ ’ਚ ਸੂਚੀਬੱਧ ਹੋਣ ਦਾ ਐਲਾਨ ਕੀਤਾ। ਕੰਪਨੀ ਦੇ ਆਈਪੀਓ ਦੀ ਅੰਤਿਮ ਪੇਸ਼ਕਸ਼ ਕੀਮਤ ਅਕਤੂਬਰ ਦੇ ਅੱਧ ’ਚ ਐਲਾਨੇ ਜਾਣ ਦੀ ਉਮੀਦ ਹੈ। ਆਈਪੀਓ ’ਚ ਕੰਪਨੀ ਦੇ ਮੌਜੂਦਾ ਸ਼ੇਅਰਧਾਰਕ ਆਪਣੀ ਹਿੱਸੇਦਾਰੀ ਵੇਚਣਗੇ। ਕੰਪਨੀ ਕਰੀਬ 53 ਕਰੋੜ ਮਹੀਨਾਵਾਰ ਵਰਤੋਂਕਾਰਾਂ ਦੇ ਨਾਲ ਅਫ਼ਰੀਕਾ ਦਾ ਸਭ ਤੋਂ ਵੱਡਾ ਫਿਨਟੈੱਕ ਪਲੇਟਫਾਰਮ ਬਣ ਗਈ ਹੈ। ਏਅਰਟੈੱਲ ਅਫ਼ਰੀਕਾ ਕੋਲ ਕੰਪਨੀ ਦੀ ਜਾਰੀ ਆਮ ਸ਼ੇਅਰ ਪੂੰਜੀ ਦਾ 77.85 ਫ਼ੀਸਦੀ ਹਿੱਸਾ ਹੈ।

ਐੱਨਟੀਪੀਸੀ ਨੇ 3,394 ਕਰੋੜ ਦਾ ਲਾਭਅੰਸ਼ ਦਿੱਤਾ

ਨਵੀਂ ਦਿੱਲੀ : ਸਰਕਾਰੀ ਕੰਪਨੀ ਐੱਨਟੀਪੀਸੀ ਨੇ ਵਿੱਤੀ ਸਾਲ 2025-26 ਲਈ ਆਪਣੇ ਸ਼ੇਅਰਧਾਰਕਾਂ ਨੂੰ 3,393.83 ਕਰੋੜ ਰੁਪਏ ਦਾ ਅੰਤਿਮ ਲਾਭਅੰਸ਼ ਦਿੱਤਾ ਹੈ। ਇਸ ਦੇ ਨਾਲ ਹੀ ਪੂਰੇ ਵਿੱਤੀ ਸਾਲ ਲਈ ਕੰਪਨੀ ਵੱਲੋਂ ਦਿੱਤਾ ਗਿਆ ਕੁੱਲ ਲਾਭਅੰਸ਼ 8,727 ਕਰੋੜ ਰੁਪਏ ਹੋ ਗਿਆ ਹੈ, ਜੋ 10 ਰੁਪਏ ਅੰਕਿਤ ਮੁੱਲ ਵਾਲੇ ਹਰੇਕ ਇਕੁਇਟੀ ਸ਼ੇਅਰ ’ਤੇ ਨੌਂ ਰੁਪਏ ਦੇ ਬਰਾਬਰ ਹੈ। ਬਿਜਲੀ ਮੰਤਰਾਲੇ ਦੇ ਅਧੀਨ ਐੱਨਟੀਪੀਸੀ ਭਾਰਤ ਦੀ ਸਭ ਤੋਂ ਵੱਡੀ ਊਰਜਾ ਕੰਪਨੀ ਹੈ, ਜੋ 91,000 ਮੈਗਾਵਾਟ ਤੋਂ ਵੱਧ ਦੀ ਸਥਾਪਿਤ ਸਮਰੱਥਾ ਨਾਲ ਦੇਸ਼ ਦੀ ਇਕ-ਚੌਥਾਈ ਬਿਜਲੀ ਦੀ ਮੰਗ ਪੂਰੀ ਕਰਦੀ ਹੈ।

ਬਜਟ ਤੋਂ ਪਹਿਲਾਂ ਦੀਆਂ ਬੈਠਕਾਂ 12 ਅਕਤੂਬਰ ਤੋਂ

ਨਵੀਂ ਦਿੱਲੀ : ਵਿੱਤ ਮੰਤਰਾਲਾ 2027-28 ਦੇ ਕੇਂਦਰੀ ਬਜਟ ਦੀਆਂ ਤਿਆਰੀਆਂ ਤਹਿਤ 12 ਅਕਤੂਬਰ ਤੋਂ ਇਕ ਮਹੀਨੇ ਤਕ ਬਜਟ ਤੋਂ ਪਹਿਲਾਂ ਦੀਆਂ ਬੈਠਕਾਂ ਸ਼ੁਰੂ ਕਰੇਗਾ। ਮੰਤਰਾਲੇ ਦੇ ਬਜਟ ਵਿਭਾਗ ਨੇ 23 ਸਤੰਬਰ ਨੂੰ ਜਾਰੀ ਇਕ ਨੋਟਿਸ ’ਚ ਕਿਹਾ, ‘ਗ੍ਰਾਂਟ ਅਤੇ ਵਿਨਿਯੋਗ ਦੇ ਸਬੰਧ ’ਚ ਵਿੱਤੀ ਸਾਲ 2026-27 ਦੇ ਸੋਧੇ ਅਨੁਮਾਨ ਅਤੇ 2027-28 ਦੇ ਬਜਟ ਅਨੁਮਾਨ ਨੂੰ ਅੰਤਿਮ ਰੂਪ ਦੇਣ ਲਈ ਬਜਟ ਤੋਂ ਪਹਿਲਾਂ ਦੀ ਚਰਚਾ 12 ਅਕਤੂਬਰ ਤੋਂ ਖ਼ਰਚ ਸਕੱਤਰ ਦੀ ਪ੍ਰਧਾਨਗੀ ਹੇਠ ਸ਼ੁਰੂ ਹੋਵੇਗੀ।’ ਬਜਟ ਤੋਂ ਪਹਿਲਾਂ ਦੀਆਂ ਬੈਠਕਾਂ ਪੂਰੀਆਂ ਹੋਣ ਤੋਂ ਬਾਅਦ ਵਿੱਤੀ ਸਾਲ 2027-28 ਦੇ ਬਜਟ ਅਨੁਮਾਨਾਂ ਨੂੰ ਆਰਜ਼ੀ ਤੌਰ ’ਤੇ ਅੰਤਿਮ ਰੂਪ ਦਿੱਤਾ ਜਾਵੇਗਾ। ਵਿੱਤੀ ਸਾਲ 2027-28 ਦਾ ਬਜਟ ਇਕ ਫ਼ਰਵਰੀ ਨੂੰ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ।

ਜ਼ੋਹੋ ਨੇ ਪੇਸ਼ ਕੀਤਾ ਏਆਈ ਇੰਟਰਫੇਸ ‘ਜੀਆ ਚੈਟ’

ਚੇਨਈ : ਘਰੇਲੂ ਸਾਫਟਵੇਅਰ ਕੰਪਨੀ ਜ਼ੋਹੋ ਨੇ ਬੁੱਧਵਾਰ ਨੂੰ ਕਾਰੋਬਾਰੀ ਖੇਤਰਾਂ ਲਈ ਏਕੀਕ੍ਰਿਤ ਏਆਈ ਇੰਟਰਫੇਸ ‘ਜੀਆ ਚੈਟ’ ਪੇਸ਼ ਕੀਤਾ। ਇਹ ਏਆਈ ਇੰਟਰਫੇਸ ਵਿਕਰੀ, ਮਾਰਕੀਟਿੰਗ, ਗਾਹਕ ਸਹਾਇਤਾ, ਮਨੁੱਖੀ ਸਰੋਤ ਅਤੇ ਵਿੱਤ ਵਰਗੇ ਕੰਮਾਂ ਨਾਲ ਸਬੰਧਤ ਉਪਲਬਧ ਜਾਣਕਾਰੀ ਦੀ ਵਰਤੋਂ ਕਰ ਸਕਦਾ ਹੈ। ਇਹ ਰਿਕਾਰਡ ਅਤੇ ਗੱਲਬਾਤ ਦਾ ਸਾਰ ਤਿਆਰ ਕਰਨ, ਕਾਰੋਬਾਰੀ ਅੰਕੜਿਆਂ ਦਾ ਵਿਸ਼ਲੇਸ਼ਣ ਕਰਨ ਅਤੇ ਰਿਪੋਰਟਾਂ, ਚਾਰਟ, ਸਪ੍ਰੈਡਸ਼ੀਟ ਤੇ ਪੇਸ਼ਕਾਰੀ ਤਿਆਰ ਕਰਨ ਦੇ ਨਾਲ ਈਮੇਲ ਦਾ ਖਰੜਾ ਤਿਆਰ ਕਰਨ ’ਚ ਵੀ ਮਦਦ ਕਰ ਸਕਦਾ ਹੈ। ਇਸ ਦੇ ਨਾਲ ਹੀ ਜ਼ੋਹੋ ਨੇ ਸੱਤ ਖੇਤਰਾਂ ਲਈ ਉਦਯੋਗ-ਵਿਸ਼ੇਸ਼ ਉਤਪਾਦ ਪੇਸ਼ ਕੀਤੇ ਹਨ। ਇਨ੍ਹਾਂ ’ਚ ਭੌਤਿਕ ਰਿਟੇਲ ਕਾਰੋਬਾਰ ਲਈ ਜ਼ੋਹੋ ਰਿਟੇਲਆਈਕਿਊ, ਵਾਹਨ ਡੀਲਰਸ਼ਿਪ ਲਈ ਜ਼ੋਹੋ ਆਟੋਡੀਐੱਮਐੱਸ ਅਤੇ ਬੈਂਕਾਂ, ਐੱਨਬੀਐੱਫਸੀ ਤੇ ਬੀਮਾ ਕੰਪਨੀਆਂ ਲਈ ਕਰਜ਼ਾ ਪ੍ਰਕਿਰਿਆ ਨਾਲ ਸਬੰਧਤ ਜ਼ੋਹੋ ਐੱਲਓਐੱਸ ਸ਼ਾਮਲ ਹਨ।

ਘਰੇਲੂ ਹਵਾਈ ਯਾਤਰੀਆਂ ਦੀ ਗਿਣਤੀ ਘਟੀ

ਮੁੰਬਈ : ਭਾਰਤ ’ਚ ਘਰੇਲੂ ਹਵਾਈ ਯਾਤਰੀ ਆਵਾਜਾਈ ਅਗਸਤ ’ਚ ਸਾਲਾਨਾ ਆਧਾਰ ’ਤੇ 6.34 ਫ਼ੀਸਦੀ ਘਟ ਕੇ 121.26 ਲੱਖ ਰਹਿ ਗਈ। ਸਾਰੀਆਂ ਭਾਰਤੀ ਏਅਰਲਾਈਨ ਕੰਪਨੀਆਂ ਨੇ ਅਗਸਤ 2025 ’ਚ ਕੁੱਲ 129.47 ਲੱਖ ਯਾਤਰੀਆਂ ਨੂੰ ਹਵਾਈ ਸਫ਼ਰ ਕਰਵਾਇਆ ਸੀ। ਨਾਗਰ ਹਵਾਬਾਜ਼ੀ ਡਾਇਰੈਕਟੋਰੇਟ ਜਨਰਲ (ਡੀਜੀਸੀਏ) ਨੇ ਕਿਹਾ, ‘ਜਨਵਰੀ-ਅਗਸਤ 2026 ਦੌਰਾਨ ਘਰੇਲੂ ਏਅਰਲਾਈਨ ਕੰਪਨੀਆਂ ਨੇ 1,105.30 ਲੱਖ ਯਾਤਰੀਆਂ ਨੂੰ ਹਵਾਈ ਸਫ਼ਰ ਕਰਵਾਇਆ, ਜਦਕਿ ਪਿਛਲੇ ਸਾਲ ਦੀ ਇਸੇ ਮਿਆਦ ’ਚ ਇਹ ਗਿਣਤੀ 1,107.26 ਲੱਖ ਸੀ। ਇਸ ਤਰ੍ਹਾਂ ਸਾਲਾਨਾ ਵਾਧਾ ਦਰ -0.18 ਫ਼ੀਸਦੀ ਤੇ ਮਹੀਨਾਵਾਰ (ਅਗਸਤ 2026 ਦੇ ਮੁਕਾਬਲੇ ਅਗਸਤ 2025) ਵਾਧਾ ਦਰ -6.34 ਫ਼ੀਸਦੀ ਰਹੀ।’ ਸਮੀਖਿਆ ਅਧੀਨ ਮਹੀਨੇ ’ਚ ਇੰਡੀਗੋ ਦੀ ਬਾਜ਼ਾਰ ਹਿੱਸੇਦਾਰੀ ਜੁਲਾਈ ਦੇ 67.4 ਫ਼ੀਸਦੀ ਤੋਂ ਘਟ ਕੇ 65 ਫ਼ੀਸਦੀ ਰਹਿ ਗਈ। ਉੱਥੇ ਹੀ ਸੰਕਟਗ੍ਰਸਤ ਸਪਾਈਸਜੈੱਟ ਦੀ ਬਾਜ਼ਾਰ ਹਿੱਸੇਦਾਰੀ ਵੀ ਜੁਲਾਈ ਦੇ 1.6 ਫ਼ੀਸਦੀ ਤੋਂ ਘਟ ਕੇ 1.2 ਫ਼ੀਸਦੀ ਰਹਿ ਗਈ।

ਭਾਰਤੀ ਅਰਥਚਾਰੇ ’ਤੇ ਵਧਿਆ ਭਰੋਸਾ

ਫਿਚ, ਐੱਸਐਂਡਪੀ ਤੇ ਏਡੀਬੀ ਨੇ ਵਿਕਾਸ ਦਰ ਦਾ ਅਨੁਮਾਨ ਵਧਾਇਆ

ਜਾਗਰਣ ਬਿਊਰੋ, ਨਵੀਂ ਦਿੱਲੀ : ਘਰੇਲੂ ਅਰਥਚਾਰੇ ਦੀ ਮਜ਼ਬੂਤ ਸਥਿਤੀ ਨੂੰ ਦੇਖਦੇ ਹੋਏ ਸਾਰੀਆਂ ਆਲਮੀ ਰੇਟਿੰਗ ਏਜੰਸੀਆਂ ਹੁਣ ਭਾਰਤ ਦੀ ਵਿਕਾਸ ਦਰ ਦੇ ਅਨੁਮਾਨ ਨੂੰ ਵਧਾਉਣ ਲੱਗੀਆਂ ਹਨ। ਮੂਡੀਜ਼ ਤੋਂ ਬਾਅਦ ਹੁਣ ਫਿਚ ਰੇਟਿੰਗ ਐੱਸਐਂਡਪੀ ਗਲੋਬਲ ਰੇਟਿੰਗ ਤੇ ਏਸ਼ੀਅਨ ਡੇਵਲਮੈਂਟ ਬੈਂਕ (ਏਡੀਬੀ) ਨੇ ਚਾਲੂ ਵਿੱਤੀ ਸਾਲ 2026-27 ਲਈ ਭਾਰਤ ਦੀ ਵਿਕਾਸ ਦੇ ਆਪਣੇ ਅਨੁਮਾਨ ਨੂੰ ਵਧਾਉਂਦੇ ਹੋਏ ਸੱਤ ਫ਼ੀਸਦ ਕਰ ਦਿੱਤਾ ਹੈ। ਸਿਰਫ ਫਿਚ ਰੇਟਿੰਗ ਨੇ ਪਹਿਲਾਂ ਦੇ ਆਪਣੇ ਅਨੁਮਾਨ 6.4 ਫ਼ੀਸਦ ਦੇ ਅਨੁਮਾਨ ਨੂੰ 6.9 ਫ਼ੀਸਦ ਰੱਖਿਆ ਹੈ। ਮੂਡੀਜ਼ ਨੇ ਆਪਣੇ ਅਨੁਮਾਨ ਨੂੰ ਛੇ ਫ਼ੀਸਦ ਤੋਂ ਸੱਤ ਫ਼ੀਸਦ, ਐੱਸਐਂਡਪੀ ਗਲੋਬਲ ਰੇਟਿੰਗ ਨੇ 6.6 ਫ਼ੀਸਦ ਤੋਂ ਸੱਤ ਫ਼ੀਸਦ ਤੇ ਏਡੀਬੀ ਨੇ ਆਪਣੇ 6.6 ਫ਼ੀਸਦ ਦੇ ਅਨੁਮਾਨ ਨੂੰ ਸੱਤ ਫ਼ੀਸਦ ਕਰ ਦਿੱਤਾ ਹੈ। ਆਰਬੀਆਈ ਨੇ ਵੀ ਚਾਲੂ ਵਿੱਤੀ ਸਾਲ ’ਚ ਵਿਕਾਸ ਦਰ ਸੱਤ ਫ਼ੀਸਦ ਰਹਿਣ ਦਾ ਅਨੁਮਾਨ ਲਗਾਇਆ ਹੈ।

ਖ਼ਾਸ ਗੱਲ ਇਹ ਹੈ ਕਿ ਵਿਕਾਸ ਦਰ ’ਚ ਵਾਧੇ ਨਾਲ ਆਲਮੀ ਰੇਟਿੰਗ ਏਜੰਸੀਆਂ ਨੇ ਮਹਿੰਗਾਈ ਦਰ ’ਚ ਵੀ ਇਜ਼ਾਫੇ ਦਾ ਅਨੁਮਾਨ ਲਗਾਇਆ ਹੈ। ਇਸ ਨੂੰ ਦੇਖਦੇ ਹੋਏ ਇਨ੍ਹਾਂ ਰੇਟਿੰਗ ਏਜੰਸੀਆਂ ਦਾ ਮੰਨਣਾ ਹੈ ਕਿ ਆਰਬੀਆਈ ਅਕਤੂਬਰ ਤੋਂ ਲੈ ਕੇ ਦਸੰਬਰ ਤਕ ’ਚ ਬੈਂਕ ਦਰਾਂ ’ਚ ਵਾਧਾ ਕਰ ਸਕਦਾ ਹੈ। ਜੇਕਰ ਇਸ ਤਰ੍ਹਾਂ ਹੁੰਦਾ ਹੈ ਤਾਂ ਲੋਨ ਲੈਣਾ ਮਹਿੰਗਾ ਹੋ ਜਾਵੇਗਾ। ਚਾਲੂ ਵਿੱਤੀ ਸਾਲ ਦੀ ਪਹਿਲੀ ਤਿਮਾਹੀ ’ਚ ਭਾਰਤ ਦੀ ਜੀਡੀਪੀ ਵਿਕਾਸ ਦਰ 7.8 ਫ਼ੀਸਦ ਦਰਜ ਕੀਤੀ ਗਈ। ਦੂਜੀ ਤਿਮਾਹੀ (ਜੁਲਾਈ-ਸਤੰਬਰ) ’ਚ ਵੀ ਆਟੋ ਵਿਕਰੀ, ਜੀਐੱਸ ਕਲੈਕਸ਼ਨ, ਪ੍ਰਤੱਖ ਕਰ ਸੰਗ੍ਰਹਿ, ਬਿਜਲੀ ਤੇ ਪੈਟਰੋਲ ਦੀ ਖਪਤ, ਬਰਾਮਦ ਦੇ ਸਕਾਰਾਤਮਕ ਸੂਚਕ ਅੰਕ ਨੂੰ ਦੇਖਦੇ ਹੋਏ ਐੱਸਬੀਆਈ ਨੇ ਸੱਤ ਫ਼ੀਸਦ ਵਾਧੇ ਦਾ ਅਨੁਮਾਨ ਲਗਾਇਆ ਹੈ। ਏਡੀਬੀ ਦੇ ਭਾਰਤ ਸਥਿਤ ਡਾਇਰੈਕਟਰ ਮਿਓ ਨੇ ਕਿਹਾ ਹੈ ਕਿ ਆਲਮੀ ਪੱਧਰ ’ਤੇ ਸਪਲਾਈ ’ਚ ਅੜਿੱਕਾ ਜਿਨਸਾਂ ਦੀ ਉੱਚੀ ਕੀਮਤ ਦੇ ਬਾਵਜੂਦ ਭਾਰਤ ਦਾ ਅਰਥਚਾਰਾ ਬੁਨਿਆਦੀ ਢਾਂਚੇ ’ਤੇ ਹੋ ਰਹੇ ਖ਼ਰਚ ਤੇ ਵਿਕਾਸ ਨੂੰ ਸਮਰਥਨ ਦੇਣ ਵਾਲੀਆਂ ਨੀਤੀਆਂ ਦੀ ਬਦੌਲਤ ਲਗਾਤਾਰ ਮਜ਼ਬੂਤੀ ਦਿਖਾ ਰਿਹਾ ਹੈ।

ਰੇਟਿੰਗ ਏਜੰਸੀਆਂ ਕਿਉਂ ਵਧਾ ਰਹੀਆਂ ਨੇ ਜੀਡੀਪੀ ਵਾਧੇ ਦਾ ਅਨੁਮਾਨ

ਰੇਟਿੰਗ ਏਜੰਸੀ	ਵਜ੍ਹਾ	ਖ਼ਤਰਾ
ਐੱਸਐਂਡਪੀ ਗਲੋਬਲ 7% (ਪਹਿਲਾਂ ਅਨੁਮਾਨ 6.6%)	ਵਿੱਤ ਵਰ੍ਹੇ 2028 ’ਚ 7.2% ਅਤੇ ਵਿੱਤ ਵਰ੍ਹੇ 2029 ’ਚ ਸੱਤ ਫ਼ੀਸਦੀ ਦੀ ਮਜ਼ਬੂਤ ਮੰਗ ਤੋਂ ਅਰਥਵਿਵਸਥਾ ਨੂੰ ਮਦਦ ਮਿਲੇਗੀ।	ਆਮ ਨਾਲੋਂ ਘੱਟ ਮੀਂਹ ਪੈਣ, ਮਹਿੰਗਾਈ ਦੇ ਪੰਜ ਫ਼ੀਸਦੀ ਤੋਂ ਉੱਪਰ ਜਾਣ ਅਤੇ ਵਿਆਜ ਦਰ ਵਧਣ ਨਾਲ ਜੀਡੀਪੀ ਦੀ ਰਫ਼ਤਾਰ ਕਮਜ਼ੋਰ ਪੈ ਸਕਦੀ ਹੈ।
ਫਿਚ ਰੇਟਿੰਗਜ਼ 6.9% (ਪਹਿਲਾਂ ਅਨੁਮਾਨ 6.4%)	ਆਤਮਨਿਰਭਰਤਾ ਅਤੇ ਜੂਨ ਤਿਮਾਹੀ ’ਚ 7.8 ਫ਼ੀਸਦੀ ਦੀ ਵਾਧਾ ਦਰ ਜੀਡੀਪੀ ਦੀ ਮਜ਼ਬੂਤੀ ਦੀਆਂ ਮੁੱਖ ਵਜ੍ਹਾ ਹਨ।	ਅਰਥਵਿਵਸਥਾ ਦੀ ਰਫ਼ਤਾਰ ਹੌਲੀ ਪੈਣ, ਪੀਐੱਮਆਈ ਮੈਨੂਫੈਕਚਰਿੰਗ ਕਮਜ਼ੋਰ ਹੋਣ ਤੇ ਮਾਨਸੂਨ ਘੱਟ ਰਹਿਣ ਨਾਲ ਅਰਥਵਿਵਸਥਾ ਦੇ ਸਾਹਮਣੇ ਪ੍ਰਮੁੱਖ ਖ਼ਤਰੇ।
ਮੂਡੀਜ਼ ਰੇਟਿੰਗਜ਼ 7% (ਪਹਿਲਾਂ ਅਨੁਮਾਨ 6.0%)	ਆਲਮੀ ਝਟਕਿਆਂ ਨੂੰ ਸਹਿਣ ਕਰਨ ਦੇ ਨਾਲ ਹੀ ਨਿੱਜੀ ਨਿਵੇਸ਼ ’ਚ ਤੇਜ਼ੀ ਤੇ ਬੁਨਿਆਦੀ ਢਾਂਚੇ ’ਤੇ ਜ਼ਿਆਦਾ ਖ਼ਰਚ ਵਿਕਾਸ ਲਈ ਸੰਜੀਵਨੀ।	ਜੇ ਪੱਛਮੀ ਏਸ਼ੀਆ ਸੰਘਰਸ਼ ਲੰਮਾ ਖਿੱਚਦਾ ਹੈ ਤਾਂ ਊਰਜਾ ਕੀਮਤਾਂ ਵਧਣਗੀਆਂ। ਅਲਨੀਨੋ ਦਾ ਅਸਰ ਕਾਇਮ ਰਿਹਾ ਤਾਂ ਖਾਧ ਪਦਾਰਥਾਂ ਦੀਆਂ ਕੀਮਤਾਂ ਵਧਣਗੀਆਂ।
ਆਰਬੀਆਈ 6.7% (ਪਹਿਲਾਂ ਅਨੁਮਾਨ 6.6%)	ਮਜ਼ਬੂਤ ਮੈਨੂਫੈਕਚਰਿੰਗ, ਸਰਵਿਸ ਸੈਕਟਰ ਦੀ ਤੇਜ਼ ਮੰਗ ਅਤੇ ਨਿੱਜੀ ਨਿਵੇਸ਼ ਜੀਡੀਪੀ ਨੂੰ ਵਧਾਉਣ ’ਚ ਅਹਿਮ ਯੋਗਦਾਨ ਦੇਣਗੇ।	ਹੋਰ ਆਲਮੀ ਰੇਟਿੰਗ ਏਜੰਸੀਆਂ ਦੇ ਮੁਕਾਬਲੇ ਦੇਸ਼ ਦੇ ਕੇਂਦਰੀ ਬੈਂਕ ਨੇ ਕੁੱਲ ਘਰੇਲੂ ਉਤਪਾਦ ਦਾ ਸਾਵਧਾਨ ਅਨੁਮਾਨ ਲਾਇਆ ਹੈ।

ਓਈਸੀਡੀ ਨੇ ਵਾਧਾ ਦਰ ਅਨੁਮਾਨ 7.1 ਫ਼ੀਸਦ ਕੀਤਾ

ਆਰਥਿਕ ਸਹਿਯੋਗ ਤੇ ਵਿਕਾਸ ਸੰਗਠਨ (ਓਈਸੀਡੀ) ਨੇ ਮਜ਼ਬੂਤ ਘਰੇਲੂ ਮੰਗ ਤੇ ਸਰਕਾਰੀ ਨੀਤੀਆਂ ਨੂੰ ਦੇਖਦੇ ਹੋਏ ਵਿੱਤੀ ਸਾਲ 2026-27 ਲਈ ਭਾਰਤ ਦੀ ਆਰਥਿਕ ਵਾਧਾ ਦਰ ਦਾ ਅਨੁਮਾਨ 0.80 ਫ਼ੀਸਦ ਅੰਕ ਵਧਾ ਕੇ 7.1 ਫ਼ੀਸਦ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਜੂਨ ’ਚ ਓਈਸੀਡੀ ਨੇ ਚਾਲੂ ਵਿੱਤੀ ਸਾਲ ’ਚ ਭਾਰਤ ਦੀ ਵਾਧ ਦਰ 6.3 ਫ਼ੀਸਦ ਰਹਿਣ ਦਾ ਅਨੁਮਾਨ ਲਗਾਇਆ ਸੀ। ਪੈਰਿਸ ਸਥਿਤ ਓਈਸੀਡੀ ਨੇ ਬੁੱਧਵਾਰ ਨੂੰ ਜਾਰੀ ਆਪਣੇ ਅੰਤ੍ਰਿਮ ਆਰਥਿਕ ਬਿਆਨ ’ਚ ਕਿਹਾ ਕਿ ਜੀ20 ’ਚ ਸ਼ਾਮਲ ਕਈ ਉੱਭਰਦੀਆਂ ਅਰਥਵਿਵਸਥਾਵਾਂ ’ਚ ਵਾਧਾ ਮਜ਼ਬੂਤ ਘਰੇਲੂ ਮੰਗ ਤੇ ਸਰਕਾਰ ਦੀਆਂ ਉਨ੍ਹਾਂ ਨੀਤੀਆਂ ’ਚ ਸਮਰਥਿਤ ਰਹੀਆਂ, ਜਿਨ੍ਹਾਂ ਨੇ ਉੱਚੀ ਊਰਜਾ ਕੀਮਤਾਂ ਦੇ ਅਸਰ ਨਾਲ ਪਰਿਵਾਰਾਂ ਤੇ ਕੰਪਨੀਆਂ ਨੂੰ ਰਾਹਤ ਦਿੱਤੀ।

ਤੇਲ ਕੰਪਨੀਆਂ ’ਤੇ ਦਬਾਅ

ਕੱਚੇ ਤੇਲ ਦੀ ਕੀਮਤ ਪਿਛਲੇ 15-20 ਦਿਨਾਂ ਤੋਂ 100 ਡਾਲਰ ਪ੍ਰਤੀ ਬੈਰਲ ਦੇ ਪਾਰ ਚੱਲ ਰਹੀ ਹੈ। ਤੇਲ ਕੰਪਨੀਆਂ ’ਤੇ ਮੁੜ ਤੋਂ ਡੀਜ਼ਲ ਦੀਆਂ ਪਰਚੂਨ ਕੀਮਤਾਂ ’ਚ ਵਾਧੇ ਦਾ ਦਬਾਅ ਬਣ ਰਿਹਾ ਹੈ। ਮਾਹਰਾਂ ਦਾ ਕਹਿਣਾ ਹੈ ਕਿ ਮਹਿੰਗਾਈ ’ਤੇ ਲਗਾਮ ਲਈ ਆਰਬੀਆਈ ਅਕਤੂਬਰ ਤੋਂ ਪਹਿਲੇ ਹਫ਼ਤੇ ’ਚ ਹੋਣ ਵਾਲੀ ਕਰੰਸੀ ਨੀਤੀ ਦੀ ਬੈਠਕ ’ਚ 0.25 ਆਧਾਰ ਅੰਕ ਤਕ ਰੈਪੋ ਰੇਟ ਵਧਾ ਸਕਦਾ ਹੈ।

ਦੇਸ਼ ਦੇ ਅਮੀਰਾਂ ਦੀ ਸੂਚੀ ’ਚ ਅੰਬਾਨੀ ਨੂੰ ਪਿੱਛੇ ਛੱਡ ਕੇ ਮੁੜ ਸਿਖ਼ਰ ’ਤੇ ਪੁੱਜੇ ਅਡਾਨੀ

- ਇਕ ਸਾਲ ’ਚ ਜਾਇਦਾਦ 13 ਫ਼ੀਸਦ ਵਧ ਕੇ 9.23 ਲੱਖ ਕਰੋੜ ਰੁਪਏ ਹੋਈ
- ਐੱਮ3ਐੱਮ ਹੁਰੁਨ ਇੰਡੀਆ ਮੁਤਾਬਕ ਦੇਸ਼ ’ਚ ਅਰਬਪਤੀਆਂ ਦੀ ਗਿਣਤੀ ਰਿਕਾਰਡ 391 ਹੋਈ



ਨਵੀਂ ਦਿੱਲੀ (ਪੀਟੀਆਈ) : ਗੌਤਮ ਅਡਾਨੀ ਅਤੇ ਉਨ੍ਹਾਂ ਦਾ ਪਰਿਵਾਰ ਮੁਕੇਸ਼ ਅੰਬਾਨੀ ਨੂੰ ਪਿੱਛੇ ਛੱਡ ਕੇ ਮੁੜ ਭਾਰਤ ਦੇ ਅਮੀਰਾਂ ਦੀ ਸੂਚੀ ਵਿਚ ਸਿਖ਼ਰ ’ਤੇ ਪਹੁੰਚ ਗਿਆ ਹੈ। ਅਡਾਨੀ ਦੀ ਜਾਇਦਾਦ 13 ਫ਼ੀਸਦ ਵਧ ਕੇ 9.23 ਲੱਖ ਕਰੋੜ ਰੁਪਏ (96 ਅਰਬ ਡਾਲਰ) ਹੋ ਗਈ, ਜਦਕਿ ਅੰਬਾਨੀ ਦੀ ਜਾਇਦਾਦ 10 ਫ਼ੀਸਦ ਘਟ ਕੇ 8.63 ਲੱਖ ਕਰੋੜ ਰੁਪਏ ਰਹਿ ਗਈ। ਇਸ ਤਰ੍ਹਾਂ ਦੋਵਾਂ ਦੀ ਜਾਇਦਾਦ ਵਿਚ 59,400 ਕਰੋੜ ਰੁਪਏ ਦਾ ਫ਼ਰਕ ਰਹਿ ਗਿਆ ਹੈ।

ਐੱਮ3ਐੱਮ ਹੁਰੁਨ ਇੰਡੀਆ ਰਿਚ ਲਿਸਟ ਵਿਚ ਲਕਸ਼ਮੀ ਨਿਵਾਸ ਮਿੱਤਲ ਅਤੇ ਉਨ੍ਹਾਂ ਦਾ ਪਰਿਵਾਰ ਤੀਜੇ ਸਥਾਨ ’ਤੇ ਪਹੁੰਚ ਗਿਆ ਹੈ। ਉਨ੍ਹਾਂ ਦੀ ਜਾਇਦਾਦ ਦੁੱਗਣੀ ਹੋ ਕੇ 3.39 ਲੱਖ ਕਰੋੜ ਰੁਪਏ ਹੋ ਗਈ ਹੈ।

ਵੈਕਸੀਨ ਬਣਾਉਣ ਵਾਲੀ ਕੰਪਨੀ ਸੀਰਮ ਇੰਸਟੀਚਿਊਟ ਦੇ ਸਾਇਰਸ ਪੂਨਾਵਾਲਾ ਅਤੇ ਉਨ੍ਹਾਂ ਦਾ ਪਰਿਵਾਰ ਚੌਥੇ ਸਥਾਨ ’ਤੇ ਹੈ। ਇਸ ਤੋਂ ਬਾਅਦ ਐੱਚਸੀਐੱਲ ਦੀ ਰੌਸ਼ਨੀ ਨਾਦਰ ਮਲਹੋਤਰਾ, ਕੁਮਾਰ ਮੰਗਲਮ ਬਿਰਲਾ, ਸਨ ਫਾਰਮਾਸਿਊਟੀਕਲ ਦੇ ਦਿਲੀਪ ਸਾਂਘਵੀ ਅਤੇ ਵਿਪਰੋ ਦੇ ਅਜ਼ੀਮ ਪ੍ਰੇਮਜੀ ਦਾ ਸਥਾਨ ਹੈ। ਅਨਿਲ ਅਗਰਵਾਲ ਅਤੇ ਉਨ੍ਹਾਂ ਦਾ ਪਰਿਵਾਰ 2.08 ਲੱਖ ਕਰੋੜ ਰੁਪਏ ਦੀ ਜਾਇਦਾਦ ਨਾਲ ਨੌਵੇਂ ਸਥਾਨ ’ਤੇ ਪਹੁੰਚ ਗਿਆ ਹੈ। ਉੱਥੇ ਸਮੀਰ ਮਹਿਤਾ ਦੀ ਅਗਵਾਈ ਵਾਲੀ ਟੋਰੈਂਟ ਫਾਰਮਾਸਿਊਟੀਕਲਜ਼ ਵੱਲੋਂ ਜੇਬੀ ਕੈਮਿਕਲਜ਼ ਦੀ ਖ਼ਰੀਦ ਤੋਂ ਬਾਅਦ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰ ਦੀ ਜਾਇਦਾਦ ਵਿਚ 52 ਫ਼ੀਸਦ ਦਾ ਵਾਧਾ ਹੋਇਆ ਹੈ। 1.89 ਲੱਖ ਕਰੋੜ ਰੁਪਏ ਦੀ ਜਾਇਦਾਦ ਨਾਲ ਉਹ ਸੂਚੀ ਵਿਚ 10ਵੇਂ ਸਥਾਨ ’ਤੇ ਹਨ। ਸੂਚੀ ਵਿਚ ਸਿਖਰਲੇ ਸਥਾਨ ਲਈ ਅੰਬਾਨੀ ਅਤੇ ਅਡਾਨੀ ਵਿਚ ਹਰ ਸਾਲ ਮੁਕਾਬਲਾ ਹੁੰਦਾ ਹੈ। ਪਹਿਲੀ ਵਾਰ ਗੌਤਮ ਅਡਾਨੀ ਅਤੇ ਉਨ੍ਹਾਂ ਦੇ ਪਰਿਵਾਰ ਨੇ 2022 ਵਿਚ ਮੁਕੇਸ਼ ਅੰਬਾਨੀ ਨੂੰ ਪਿੱਛੇ ਛੱਡ ਕੇ ਸਿਖਰਲਾ ਸਥਾਨ ਹਾਸਲ ਕੀਤਾ ਸੀ। 2023 ਵਿਚ ਅਡਾਨੀ ਇਕ ਸਥਾਨ ਹੇਠਾਂ ਖਿਸਕ ਗਏ। 2024 ਵਿਚ ਉਨ੍ਹਾਂ ਨੇ ਮੁੜ ਬੜ੍ਹਤ ਹਾਸਲ ਕੀਤੀ, ਜਦਕਿ 2025 ਵਿਚ ਇਕ ਵਾਰ ਫਿਰ ਪਿੱਛੇ ਹੋ ਗਏ।

1,810 ਲੋਕਾਂ ਕੋਲ ਇਕ ਹਜ਼ਾਰ ਕਰੋੜ ਤੋਂ ਵੱਧ ਜਾਇਦਾਦ

ਦੇਸ਼ ਵਿਚ ਇਕ ਹਜ਼ਾਰ ਕਰੋੜ ਰੁਪਏ ਤੋਂ ਵੱਧ ਜਾਇਦਾਦ ਵਾਲੇ ਲੋਕਾਂ ਦੀ ਗਿਣਤੀ 1,810 ਹੈ। ਇਹ ਗਿਣਤੀ ਪਿਛਲੇ ਸਾਲ ਦੇ ਮੁਕਾਬਲੇ 128 ਵੱਧ ਹੈ। ਇਨ੍ਹਾਂ ਲੋਕਾਂ ਦੀ ਕੁੱਲ ਜਾਇਦਾਦ 12.8 ਫ਼ੀਸਦ ਵਧ ਕੇ 187.5 ਲੱਖ ਕਰੋੜ ਰੁਪਏ ਹੋ ਗਈ ਹੈ, ਜੋ ਲਗਪਗ 1.96 ਟ੍ਰਿਲੀਅਨ ਡਾਲਰ ਬਣਦੀ ਹੈ ਅਤੇ ਭਾਰਤ ਦੀ ਜੀਡੀਪੀ ਦਾ ਲਗਪਗ ਅੱਧਾ ਹੈ।

ਮੁੰਬਈ ’ਚ ਰਹਿੰਦੇ ਹਨ ਸਭ ਤੋਂ ਵੱਧ ਅਮੀਰ ਲੋਕ

465 ਲੋਕਾਂ ਨਾਲ ਮੁੰਬਈ ਭਾਰਤ ਦਾ ਸਭ ਤੋਂ ਵੱਡਾ ਅਮੀਰਾਂ ਦਾ ਕੇਂਦਰ ਹੈ। ਇਸ ਤੋਂ ਬਾਅਦ ਦੇਸ਼ ਦੀ ਰਾਜਧਾਨੀ ਦਿੱਲੀ ਵਿਚ 236 ਸਭ ਤੋਂ ਅਮੀਰ ਲੋਕ ਰਹਿੰਦੇ ਹਨ। 129 ਲੋਕਾਂ ਨਾਲ ਬੈਂਗਲੁਰੂ ਤੀਜੇ ਸਥਾਨ ’ਤੇ ਹੈ। ਰੌਸ਼ਨੀ ਨਾਦਰ ਮਲਹੋਤਰਾ ਆਪਣੇ ਪਰਿਵਾਰ ਨਾਲ 2.79 ਲੱਖ ਕਰੋੜ ਰੁਪਏ ਦੀ ਜਾਇਦਾਦ ਨਾਲ ਭਾਰਤ ਦੀ ਸਭ ਤੋਂ ਅਮੀਰ ਔਰਤ ਹੈ। ਸੂਚੀ ਵਿਚ ਭਾਰਤੀ ਪਰਵਾਸੀਆਂ ਦੀ ਵਧਦੀ ਗਿਣਤੀ ’ਤੇ ਵੀ ਰੌਸ਼ਨੀ ਪਾਈ ਗਈ ਹੈ। ਇਸ ਸੂਚੀ ਦੇ 156 ਮੈਂਬਰ ਦੇਸ਼ ਤੋਂ ਬਾਹਰ ਰਹਿੰਦੇ ਹਨ, ਜਿਨ੍ਹਾਂ ਵਿਚੋਂ 90 ਅਮਰੀਕਾ ’ਚ ਰਹਿੰਦੇ ਹਨ।

ਕੱਚੇ ਤੇਲ ਦੀਆਂ ਕੀਮਤਾਂ ’ਚ ਨਰਮੀ ਨਾਲ ਬਾਜ਼ਾਰ ’ਚ ਤੇਜ਼ੀ ਪਰਤੀ

- 299 ਅੰਕ ਚੜ੍ਹ ਕੇ 74,828.25 ’ਤੇ ਬੰਦ ਹੋਇਆ ਸੈਂਸੈਕਸ
- 118 ਅੰਕ ਤੇਜ਼ੀ, 23446.80 ’ਤੇ ਬੰਦ ਹੋਇਆ ਨਿਫਟੀ

ਮੁੰਬਈ (ਏਜੰਸੀ) : ਕੱਚੇ ਤੇਲ ਦੀਆਂ ਕੀਮਤਾਂ ’ਚ ਨਰਮੀ ਦੇ ਨਾਲ ਘਰੇਲੂ ਸ਼ੇਅਰ ਬਾਜ਼ਾਰ ’ਚ ਬੁੱਧਵਾਰ ਨੂੰ ਤੇਜ਼ੀ ਆਈ ਤੇ ਮਿਆਰੀ ਸੂਚਕ ਅੰਕ ਬੀਐੱਸਈ ਸੈਂਸੈਕਸ 299.17 ਅੰਕ ਦੀ ਤੇਜ਼ੀ ਨਾਲ 74,828.25 ’ਤੇ ਬੰਦ ਹੋਇਆ। ਕਾਰੋਬਾਰ ਦੌਰਾਨ ਇਕ ਸਮੇਂ ਇਹ 444.66 ਅੰਕ ਚੜ੍ਹ ਕੇ 74,973.74 ’ਤੇ ਪਹੁੰਚ ਗਿਆ ਸੀ। ਨੈਸ਼ਨਲ ਸਟਾਕ ਐਕਸਚੇਂਜ (ਐੱਨਐੱਸਈ) ਦਾ ਨਿਫਟੀ ਵੀ 117.80 ਅੰਕ ਦੀ ਤੇਜ਼ੀ ਨਾਲ 23,446.80 ਅੰਕ ’ਤੇ ਬੰਦ ਹੋਇਆ। ਵਿਸ਼ਲੇਸ਼ਕਾਂ ਮੁਤਾਬਕ, ਪੱਛਮੀ ਏਸ਼ੀਆ ’ਚ ਸੰਕਟ ਘਟਣ ਦੀ ਉਮੀਦ ਨਾਲ ਵੀ ਬਾਜ਼ਾਰ ਨੂੰ ਸਮਰਥਨ ਮਿਲਿਆ। ਸੈਂਸੈਕਸ ’ਚ ਸ਼ਾਮਲ ਕੰਪਨੀਆਂ ’ਚ ਟਾਟਾ ਸਟੀਲ, ਬਜਾਜ ਫਾਈਨੈਂਸ, ਆਈਟੀਸੀ, ਅਲਟ੍ਰਾਟੈੱਕ ਸੀਮੈਂਟ, ਪਾਵਰ ਗ੍ਰਿਡ ਅਤੇ ਲਾਰਸਨ ਐਂਡ ਟੂਬਰੋ ’ਚ ਪ੍ਰਮੁੱਖ ਤੌਰ ’ਤੇ ਤੇਜ਼ੀ ਰਹੀ। ਉੱਥੇ ਹੀ ਨੁਕਸਾਨ ’ਚ ਰਹਿਣ ਵਾਲੇ ਸ਼ੇਅਰਾਂ ’ਚ ਐੱਚਸੀਐੱਲਟੈੱਕ, ਇਨਫੋਸਿਸ, ਟਾਟਾ ਕੰਸਲਟੈਂਸੀ ਸਰਵਿਸਿਜ਼, ਟਾਈਟਨ ਅਤੇ ਮਹਿੰਦਰਾ ਐਂਡ ਮਹਿੰਦਰਾ ਸ਼ਾਮਲ ਹਨ। ਵਿਸ਼ਵ ਪੱਧਰੀ ਤੇਲ ਮਿਆਰ ਬ੍ਰੈਂਟ ਕ੍ਰੂਡ 0.35 ਫ਼ੀਸਦੀ ਵਧ ਕੇ 99.60 ਡਾਲਰ ਪ੍ਰਤੀ ਬੈਰਲ ’ਤੇ ਪਹੁੰਚ ਗਿਆ। ਆਨਲਾਈਨ ਟ੍ਰੇਡਿੰਗ ਕੰਪਨੀ ਐਨਰਿਚ ਮਨੀ ਦੇ ਸੀਈਓ ਪੋਨਮੁਡੀ ਆਰ ਨੇ ਕਿਹਾ, ‘ਪੱਛਮੀ ਏਸ਼ੀਆ ’ਚ ਤਣਾਅ ਘਟਣ ਦੀਆਂ ਸੰਭਾਵਨਾਵਾਂ ਦੇ ਸੰਕੇਤਾਂ ਵਿਚਾਲੇ ਨਿਵੇਸ਼ਕਾਂ ਨੇ ਖ਼ਰੀਦਦਾਰੀ ਕੀਤੀ। ਇਸ ਨਾਲ ਘਰੇਲੂ ਸ਼ੇਅਰ ਬਾਜ਼ਾਰ ਤੇਜ਼ੀ ਨਾਲ ਬੰਦ ਹੋਇਆ। ਵਿਸ਼ਵ ਪੱਧਰ ’ਤੇ ਤਣਾਅ ਘਟਣ ਦੀ ਉਮੀਦ ਅਤੇ ਅਮਰੀਕੀ ਤੇਲ ਮਿਆਰ ਵੈਸਟ ਟੈਕਸਾਸ ਇੰਟਰਮੀਡੀਏਟ (ਡਬਲਿਊਟੀਆਈ) ਦੇ 90 ਡਾਲਰ ਪ੍ਰਤੀ ਬੈਰਲ ਤੋਂ ਹੇਠਾਂ ਆਉਣ ਨਾਲ ਵੀ ਨਿਵੇਸ਼ਕਾਂ ਦੀ ਧਾਰਨਾ ਮਜ਼ਬੂਤ ਹੋਈ।’ ਉਨ੍ਹਾਂ ਕਿਹਾ ਕਿ ਏਸ਼ੀਆਈ ਵਿਕਾਸ ਬੈਂਕ ਵੱਲੋਂ ਵਿੱਤੀ ਸਾਲ 2026-27 ਲਈ ਭਾਰਤ ਦੀ ਆਰਥਿਕ ਵਿਕਾਸ ਦਰ ਦਾ ਅਨੁਮਾਨ ਵਧਾ ਕੇ ਸੱਤ ਫ਼ੀਸਦੀ ਕੀਤੇ ਜਾਣ ਨਾਲ ਵੀ ਧਾਰਨਾ ਮਜ਼ਬੂਤ ਹੋਈ।

ਸੀਤਾਰਮਨ ਨੇ ਕਿਹਾ, ਰੂਸ ਤੋਂ ਤੇਲ ਖ਼ਰੀਦਦਾ ਰਹੇਗਾ ਭਾਰਤ

ਕਿਹਾ, ਰੂਸ ਤੋਂ ਤੇਲ ਨਾ ਖ਼ਰੀਦਣ ਦਾ ਐਲਾਨ ਕਰਦੇ ਹੀ ਕੀਮਤਾਂ ਵਧ ਜਾਣਗੀਆਂ, 1.40 ਅਰਬ ਭਾਰਤੀਆਂ ਦਾ ਹਿੱਤ ਸਭ ਤੋਂ ਉੱਪਰ



ਜਾਗਰਣ ਬਿਊਰੋ, ਨਵੀਂ ਦਿੱਲੀ : ਰੂਸ ਤੋਂ ਕੱਚਾ ਤੇਲ ਖ਼ਰੀਦਣ ’ਤੇ ਅਮਰੀਕਾ ਵੱਲੋਂ 100 ਫ਼ੀਸਦ ਟੈਰਿਫ ਲਾਏ ਜਾਣ ਦੀ ਸੰਭਾਵਨਾ ਵਿਚਕਾਰ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਹੈ ਕਿ ਭਾਰਤ ਰੂਸ ਤੋਂ ਤੇਲ ਖ਼ਰੀਦਣਾ ਬੰਦ ਨਹੀਂ ਕਰ ਸਕਦਾ। ਇਕ ਮੀਡੀਆ ਅਦਾਰੇ ਦੇ ਪ੍ਰੋਗਰਾਮ ਵਿਚ ਵਿੱਤ ਮੰਤਰੀ ਨੇ ਕਿਹਾ ਕਿ ਜਿਵੇਂ ਹੀ ਭਾਰਤ ਰੂਸ ਤੋਂ ਤੇਲ ਨਾ ਖ਼ਰੀਦਣ ਦਾ ਐਲਾਨ ਕਰੇਗਾ, ਤੇਲ ਦੀ ਕੀਮਤ ਵਧ ਜਾਵੇਗੀ। ਇਹ ਕੰਮ ਕਾਫ਼ੀ ਚੁਣੌਤੀਪੂਰਨ ਹੈ। ਉਨ੍ਹਾਂ ਕਿਹਾ ਕਿ ਇਹ 1.4 ਅਰਬ ਭਾਰਤੀਆਂ ਦੇ ਹਿੱਤ ਦਾ ਸਵਾਲ ਹੈ ਅਤੇ ਭਾਰਤੀਆਂ ਦਾ ਹਿੱਤ ਸਾਡੇ ਲਈ ਸਭ ਤੋਂ ਉੱਪਰ ਹੈ। ਭਾਰਤ ਤੇਲ ਵੇਚਣ ਵਾਲੇ ਸਾਰੇ ਦੇਸ਼ਾਂ ਤੋਂ ਖ਼ਰੀਦ ਦੀਆਂ ਸੰਭਾਵਨਾਵਾਂ ਲਗਾਤਾਰ ਲੱਭਦਾ ਰਹਿੰਦਾ ਹੈ।

ਭਾਰਤ ਅਮਰੀਕਾ ਅਤੇ ਚੀਨ ਤੋਂ ਬਾਅਦ ਪੈਟਰੋਲ-ਡੀਜ਼ਲ ਦੀ ਖ਼ਪਤ ਕਰਨ ਵਾਲਾ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਦੇਸ਼ ਹੈ। ਇਸ ਲਈ ਰੂਸ ਤੋਂ ਤੇਲ ਦੀ ਖ਼ਰੀਦ ਬੰਦ ਕਰਨ ’ਤੇ ਭਾਰਤ ਨੂੰ ਤੇਲ ਦੀ ਖ਼ਰੀਦ ਲਈ ਪੱਛਮੀ ਏਸ਼ੀਆ ਅਤੇ ਅਮਰੀਕਾ ’ਤੇ ਨਿਰਭਰ ਹੋਣਾ ਪਵੇਗਾ। ਇਸ ਨੂੰ ਦੇਖਦਿਆਂ ਪੱਛਮੀ ਏਸ਼ੀਆ ਦੇ ਦੇਸ਼ ਤੁਰੰਤ ਆਪਣੇ ਤੇਲ ਦੀਆਂ ਕੀਮਤਾਂ ਵਧਾ ਦੇਣਗੇ। ਹਾਲ ਹੀ ਵਿਚ ਯੂਕਰੇਨ ਦੇ ਰਾਸ਼ਟਰਪਤੀ ਨੇ ਵੀ ਰੂਸ ਤੋਂ ਤੇਲ ਨਾ ਖ਼ਰੀਦਣ ਦੀ ਅਪੀਲ ਕੀਤੀ ਹੈ।

ਦਫ਼ਤਰ ਕਰਜ਼ਾ ਵਸੂਲੀ ਅਫਸਰ -I/II

ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 2)
ਪਹਿਲੀ ਮੰਜ਼ਿਲ, ਐਸਸੀਓ 33-34-35, ਦੂਜੀ ਮੰਜ਼ਿਲ, ਸੈਕਟਰ 17-ਏ, ਚੰਡੀਗੜ੍ਹ
(ਤੀਸਰੀ ਅਤੇ ਚੌਥੀ ਮੰਜ਼ਿਲ ’ਤੇ ਵੀ ਵਾਧੂ ਜਗ੍ਹਾ ਅਲਾਟ ਕੀਤੀ ਗਈ ਹੈ)

ਡਿਮਾਂਡ ਨੋਟਿਸ

ਕਰਜ਼ਾ ਵਸੂਲੀ ਅਤੇ ਦੀਵਾਲੀਆ ਐਕਟ, 1993 ਦੇ ਸੈਕਸ਼ਨ 25 ਅਤੇ 28 ਅਤੇ ਆਮਦਨ ਕਰ ਐਕਟ, 1961 ਦੀ ਦੂਜੀ ਸਾਰਣੀ ਦੇ ਨਿਯਮ 2 ਅਧੀਨ ਨੋਟਿਸ

ਆਰਸੀ/4/2025 ਮਿਤੀ 21-09-2026

ਯੂਨੀਅਨ ਬੈਂਕ ਆਫ ਇੰਡੀਆ
ਬਨਾਮ
ਮੈਸ. ਤਰਨਜੀਤ ਡਿਸਟ੍ਰੀਬਿਊਟਰਜ਼

ਵੱਲ,

(ਸੀਡੀ 1) ਮੈਸ. ਤਰਨਜੀਤ ਡਿਸਟ੍ਰੀਬਿਊਟਰਜ਼, ਕੈਬਿਨ ਨੰ. 02, ਪਲਾਟ 798, ਪਹਿਲੀ ਮੰਜ਼ਿਲ, ਜੇ.ਐੱਲ.ਪੀ.ਐੱਲ. ਇੰਡਸਟ੍ਰੀਅਲ ਏਰੀਆ, ਸੈਕਟਰ 82, ਐਸ.ਏ.ਐਸ. ਨਗਰ, ਪੰਜਾਬ, ਆਪਣੇ ਮਾਲਕ ਸ਼੍ਰੀ ਤਰਨਜੀਤ ਸਿੰਘ ਪੁੱਤਰ ਸ਼੍ਰੀ ਮਲਿਕ ਸਿੰਘ, ਸਾਹਿਬਜ਼ਾਦਾ ਅਜੀਤ ਸਿੰਘ ਨਗਰ/ਮੋਹਾਲੀ/ਅਜੀਤਗੜ੍ਹ, ਪੰਜਾਬ ਰਾਹੀਂ।
(ਸੀਡੀ 2) ਸ਼੍ਰੀ ਤਰਨਜੀਤ ਸਿੰਘ ਪੁੱਤਰ ਸ਼੍ਰੀ ਮਲਿਕ ਸਿੰਘ, ਮਾਲਕ ਮੈਸ. ਤਰਨਜੀਤ ਡਿਸਟ੍ਰੀਬਿਊਟਰਜ਼, ਵਾਸੀ ਮਕਾਨ ਨੰ. 985, ਸੂਰਿਆ ਰਾਮ ਮਾਰਕਿਟ, ਇੰਦਰਾ ਰੋਡ, ਮਲੋਟ, ਮੁਕਤਸਰ, ਪੰਜਾਬ।
ਵਿਖੇ ਵੀ :- ਮਕਾਨ ਨੰਬਰ 2161, ਫੇਜ਼-X.

ਇਹ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਓਏ/358/2019 ਵਿਚ ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 2) ਦੇ ਪ੍ਰੀਜ਼ਾਈਡਿੰਗ ਅਫਸਰ ਵਲੋਂ ਜਾਰੀ ਹੁਕਮ ਦੀ ਪਾਲਣਾ ਕਰਦੇ ਹੋਏ ਜਾਰੀ ਕੀਤੇ ਗਏ ਵਸੂਲੀ ਸਰਟੀਫਿਕੇਟ ਅਨੁਸਾਰ ਰੁ. 10,52,116/- (ਰੁਪਏ ਦਸ ਲੱਖ ਬਵਿੰਜਾ ਹਜ਼ਾਰ ਇੱਕ ਸੌ ਸੋਲਾਂ ਕੇਵਲ) ਦੀ ਰਾਸ਼ੀ ਮਿਤੀ 23.03.2019 ਤੋਂ ਵਸੂਲੀ ਤੱਕ ਪੈਂਡੈਂਟਲਾਈਟ ਅਤੇ ਭਵਿੱਖੀ ਵਿਆਜ @ 11.35% ਮਹੀਨਾਵਾਰ ਮਿਸ਼ਰਤ ਵਿਆਜ ਸਮੇਤ ਅਤੇ ਰੁ. 13,000/- (ਰੁਪਏ ਤੇਰਾਂ ਹਜ਼ਾਰ ਕੇਵਲ) ਦੀਆਂ ਲਾਗਤਾਂ ਸਮੇਤ ਤੁਹਾਡੇ ਵਲ ਬਕਾਇਆ ਹਨ (ਸਾਂਝੇ ਤੌਰ ’ਤੇ ਅਤੇ ਵੱਖਰੇ ਤੌਰ ’ਤੇ /ਪੂਰੀ ਤਰ੍ਹਾਂ/ਸੀਮਤ)।
2. ਤੁਹਾਨੂੰ ਉਪਰੋਕਤ ਰਾਸ਼ੀ ਦਾ ਇਸ ਨੋਟਿਸ ਦੀ ਪ੍ਰਾਪਤੀ ਦੇ 15 ਦਿਨਾਂ ਦੇ ਅੰਦਰ-ਅੰਦਰ ਭੁਗਤਾਨ ਕਰਨ ਦਾ ਨਿਰਦੇਸ਼ ਦਿਤਾ ਜਾਂਦਾ ਹੈ ਤੇ ਅਜਿਹਾ ਨਾ ਕਰਨ ’ਤੇ ਰਿਕਵਰੀ ਆਫ ਡੈਬਟਸ ਡਿਊ ਟੂ ਬੈਂਕਸ ਐਂਡ ਫਾਇਨਾਂਸ਼ੀਅਲ ਇੰਸਟੀਚਿਊਸ਼ਨਸ ਐਕਟ, 1993 ਅਤੇ ਇਸ ਅਧੀਨ ਨਿਯਮਾਂ ਅਧੀਨ ਵਸੂਲੀ ਕੀਤੀ ਜਾਵੇਗੀ।
3. ਤੁਹਾਨੂੰ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਇਸ ਤੋਂ ਪਹਿਲਾਂ ਇਕ ਹਲਫਨਾਮੇ ਉੱਤੇ ਆਪਣੇ ਅਸਾਸਿਆਂ ਦੇ ਵੇਰਵਿਆਂ ਦਾ ਐਲਾਨ ਕਰਨ ਦਾ ਹੁਕਮ ਦਿਤਾ ਜਾਂਦਾ ਹੈ।
4. ਤੁਹਾਨੂੰ ਮਿਤੀ 07-10-2026 ਨੂੰ ਸਵੇਰੇ 10:30 ਵਜੇ ਹੋਰ ਪ੍ਰਕਿਰਿਆਵਾਂ ਲਈ ਨਿਮਨਹਸਤਾਖਰੀ ਸਾਹਮਣੇ ਪੇਸ਼ ਪੇਸ਼ ਹੋਣ ਦਾ ਹੁਕਮ ਦਿਤਾ ਜਾਂਦਾ ਹੈ।
5. ਉਪਰੋਕਤ ਦਰਸਾਈ ਰਾਸ਼ੀ ਤੋਂ ਇਲਾਵਾ ਤੁਸੀਂ ਹੇਠ ਲਿਖਿਆਂ ਦੀ ਅਦਾਇਗੀ ਕਰਨ ਲਈ ਵੀ ਪਾਬੰਦ ਹੋਵੋਗੇ :
(ਏ) ਅਜਿਹੇ ਵਿਆਜ ਜੋ ਕਿ ਸਰਟੀਫਿਕੇਟ/ਕਾਰਵਾਈਆਂ ਦੇ ਅਮਲ ਦੇ ਇਸ ਨੋਟਿਸ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੇ ਅਰਸੇ ਲਈ ਅਦਾਇਗੀਯੋਗ ਹੋਣਗੇ।
(ਬੀ) ਬਕਾਇਆ ਰਾਸ਼ੀ ਦੀ ਵਸੂਲੀ ਲਈ ਇਸ ਨੋਟਿਸ ਅਤੇ ਵਾਰੰਟਸ ਅਤੇ ਹੋਰ ਪ੍ਰਕਿਰਿਆਵਾਂ ਦੀ ਸੇਵਾ ਅਤੇ ਹੋਰ ਸਾਰੀਆਂ ਪ੍ਰਕਿਰਿਆਵਾਂ ਦੇ ਸਬੰਧ ਵਿਚ ਸਾਰੀਆਂ ਲਾਗਤਾਂ, ਚਾਰਜਿਸ ਅਤੇ ਖਰਚੇ।
ਮਿਤੀ 21-09-2026 ਨੂੰ ਮੇਰੇ ਦਸਤਖਤਾਂ ਅਤੇ ਟ੍ਰਿਬਿਊਨਲ ਦੀ ਮੋਹਰ ਅਧੀਨ ਜਾਰੀ।

ਵਸੂਲੀ ਅਫਸਰ
ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 2)

ਸੈਂਟ੍ਰਲ ਬੈਂਕ ਆੱਫ਼ ਇੰਡਿਆ Central Bank of India
1911 ਤੋਂ ਆਪਕੇ ਲਿਏ "ਸੈਂਟ੍ਰਿਲ" "CENTRAL" TO YOU SINCE 1911

ਸੈਂਟਰਲ ਬੈਂਕ ਆਫ਼ ਇੰਡੀਆ

ਖੇਤਰੀ ਦਫ਼ਤਰ : ਐਸਸੀਓ 30-31, ਤੀਜੀ ਮੰਜ਼ਿਲ, ਗੁਰੂ ਰਾਮ ਦਾਸ ਡਿਵਾਈਨ ਟਾਵਰਜ਼, ਪੁਡਾ ਕੰਪਲੈਕਸ, ਜਲੰਧਰ-144001

ਈ-ਨਿਲਾਮੀ ਵਿਕਰੀ ਸੂਚਨਾ

ਲੜੀ ਨੰ. 01 ਤੋਂ 7 ਲਈ ਮਿਤੀ 16.10.2026 ਨੂੰ ਅਤੇ ਲੜੀ ਨੰ. 8 ਲਈ ਮਿਤੀ 30.10.2026 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 04.00 ਵਜੇ
ਅਚੱਲ ਜਾਇਦਾਦਾਂ ਦੀ ਈ-ਨਿਲਾਮੀ ਲਈ ਜਨਤਕ ਸੂਚਨਾ

“ਚਾਹਵਾਨ ਬੋਲੀਕਾਰ ਪ੍ਰੀ-ਬਿਡ ਈਐਮਡੀ ਨੂੰ ਈ-ਨਿਲਾਮੀ ਪੋਰਟਲ ਭਾਵ https://baanknet.com ’ਤੇ ਈ-ਨਿਲਾਮੀ ਦੀ ਸਮਾਪਤੀ ਤੋਂ ਪਹਿਲਾਂ ਜਮ੍ਹਾਂ ਕਰਵਾ ਸਕਦੇ ਹਨ। ਬੋਲੀਕਾਰਾਂ ਨੂੰ ਪ੍ਰੀ-ਬਿਡ ਈਐਮਡੀ ਦਾ ਕ੍ਰੈਡਿਟ https://baanknet.com ਬੈਂਕ ਖਾਤੇ ਵਿਚ ਪੇਮੈਂਟ ਪ੍ਰਾਪਤ ਹੋਣ ਤੋਂ ਬਾਅਦ ਅਤੇ ਅਜਿਹੀ ਜਾਣਕਾਰੀ ਨੂੰ ਵੈੱਬਸਾਈਟ https://baanknet.com ਵਿਚ ਅਪਡੇਟ ਕਰਨ ਤੋਂ ਬਾਅਦ ਦਿੱਤਾ ਜਾਵੇਗਾ। ਬੈਂਕਿੰਗ ਪ੍ਰਕਿਰਿਆ ਅਨੁਸਾਰ ਇਸ ਵਿਚ ਕੁਝ ਸਮਾਂ ਲੱਗ ਸਕਦਾ ਹੈ ਤੇ ਇਸ ਲਈ ਬੋਲੀਕਾਰਾਂ ਨੂੰ ਉਨ੍ਹਾਂ ਦੇ ਆਪਣੇ ਹਿੱਤ ਵਿਚ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਖਰੀ ਸਮੇਂ ਦੀ ਮੁਸ਼ਕਲ ਤੋਂ ਬਚਣ ਲਈ ਪ੍ਰੀ-ਬਿਡ ਰਾਸ਼ੀ ਨੂੰ ਕਾਫੀ ਸਮਾਂ ਪਹਿਲਾਂ ਅਗਾਊਂ ਜਮ੍ਹਾਂ ਕਰਵਾਉਣ।”

ਸਕਿਓਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 8(6) ਅਤੇ 6(2) ਦੀ ਵਿਵਸਥਾ ਨਾਲ ਪੜ੍ਹੇ ਜਾਂਦੇ ਸਕਿਓਰਟਾਈਜ਼ੇਸ਼ਨ ਐਂਡ ਰਿਕੰਸਟਰਕਸ਼ਨ ਆਫ਼ ਫਾਈਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰੈਸਟ ਐਕਟ, 2002 ਅਧੀਨ ਚੱਲ/ਅਚੱਲ ਅਸਾਸਿਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਸੂਚਨਾ। ਇਸ ਦੁਆਰਾ ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ (ਕਰਜ਼ਦਾਰਾਂ) ਅਤੇ ਗਾਰੰਟਰ (ਗਾਰੰਟਰਾਂ) ਨੂੰ ਵਿਸ਼ੇਸ਼ ਕਰਕੇ ਸੂਚਿਤ ਕੀਤਾ ਜਾਂਦਾ ਹੈ ਕਿ ਹੇਠਾਂ ਵਰਨਣ ਅਚੱਲ/ਚੱਲ ਜਾਇਦਾਦ ਸਕਿਓਰਡ ਕ੍ਰੈਡੀਟਰ ਕੋਲ ਗਿਰਵੀ ਰੱਖੀ/ਚਾਰਜ ਹੇਠ ਹੈ, ਜਿਸ ਦਾ ਸੈਂਟਰਲ ਬੈਂਕ ਆਫ਼ ਇੰਡੀਆ ਦੇ ਅਧਿਕਾਰਤ ਅਫ਼ਸਰ ਦੁਆਰਾ ਉਸਾਰੂ/ਭੌਤਿਕ ਕਬਜ਼ਾ ਲਿਆ ਜਾ ਚੁੱਕਾ ਹੈ ਅਤੇ ਜਿਸ ਨੂੰ “ਜਿਵੇਂ ਹੈ ਜਿੱਥੇ ਹੈ,” “ਜੋ ਹੈ ਜਿਵੇਂ ਹੈ” ਅਤੇ “ਜੋ ਵੀ ਹੈ ਉੱਥੇ ਹੈ” ਦੇ ਅਧਾਰ ’ਤੇ ਵੇਚਿਆ ਜਾਵੇਗਾ।

ਲੜੀ ਨੰ.	ਬਰਾਂਚ ਅਤੇ ਖਾਤਾ / ਕਰਜ਼ਦਾਰ / ਗਾਰੰਟਰ ਦਾ ਨਾਮ	ਡਿਮਾਂਡ ਨੋਟਿਸ ਦੀ ਮਿਤੀ / ਕਬਜ਼ੇ ਦੀ ਮਿਤੀ / ਨੋਟਿਸ ਅਨੁਸਾਰ ਰਾਸ਼ੀ	ਜਾਇਦਾਦ/ਸੁਰੱਖਿਅਤ ਅਸਾਸਿਆਂ ਅਤੇ ਜਾਇਦਾਦ ਦੇ ਮਾਲਕ ਦੇ ਵੇਰਵੇ	ਰਾਖਵੀਂ ਕੀਮਤ / ਈਐਮਡੀ / ਬੋਲੀ ਵਾਧਾ ਰਾਸ਼ੀ	Baanknet ’ਤੇ ਈ-ਨਿਲਾਮੀ ਲਈ ਜਾਇਦਾਦ ਦਾ ਕਿਊਆਰ ਕੋਡ
1.	ਜਲਾਲਾਬਾਦ — ਕਰਜ਼ਦਾਰ/ਮਲਕੀਅਤ/ਗਾਰੰਟਰ/ਗਿਰਵੀਕਾਰ : 1) ਮੈਸ. ਆਨੰਦ ਕਮਿਸ਼ਨ ਏਜੰਟ, ਦੁਕਾਨ ਨੰ. 42, ਨਵੀਂ ਅਨਾਜ ਮੰਡੀ, ਜਲਾਲਾਬਾਦ (ਵੈਸਟ) ਜ਼ਿਲ੍ਹਾ ਫਾਜ਼ਿਲਕਾ 152024, 2) ਮੈਸ. ਓਮ ਪ੍ਰਕਾਸ਼ ਸੰਜੀਵ ਕੁਮਾਰ, ਸਾਹਮਣੇ ਪੀਐਸਪੀਸੀਐਲ, ਆਨੰਦ ਪੈਸਟੀਸਾਈਡਸ ਦੇ ਨਾਲ ਲੱਗਦਾ, ਜਲਾਲਾਬਾਦ (ਵੈਸਟ) ਜ਼ਿਲ੍ਹਾ ਫਾਜ਼ਿਲਕਾ 152024 3), ਮੈਸ. ਆਨੰਦ ਐਗਰੋ ਕੈਮੀਕਲਜ਼, ਦੁਕਾਨ ਨੰ. 42, ਨਵੀਂ ਅਨਾਜ ਮੰਡੀ, ਮਾਰਕਿਟ ਕਮੇਟੀ ਦੇ ਸਾਹਮਣੇ, ਜਲਾਲਾਬਾਦ (ਵੈਸਟ), ਜ਼ਿਲ੍ਹਾ ਫਾਜ਼ਿਲਕਾ, 152024, 4) ਮੈਸ. ਆਨੰਦ ਮੋਟਰਜ਼, ਨੇੜੇ ਜਲਾਲਾਬਾਦ ਬੱਸ ਸਟੈਂਡ, ਐਸਬੀਆਈ ਦੇ ਸਾਹਮਣੇ, ਜਲਾਲਾਬਾਦ (ਵੈਸਟ) ਜ਼ਿਲ੍ਹਾ ਫਾਜ਼ਿਲਕਾ, 152024, 5) ਰੰਜੀਵ ਕੁਮਾਰ ਡੂਮਰਾ ਪੁੱਤਰ ਓਮ ਪ੍ਰਕਾਸ਼ ਡੂਮਰਾ ਵਾਸੀ 584/2, ਓਬੀਸੀ ਰੋਡ ਨੇੜੇ ਰਾਮ ਲੀਲਾ ਚੌਕ, ਜਲਾਲਾਬਾਦ (ਵੈਸਟ), ਜ਼ਿਲ੍ਹਾ ਫਾਜ਼ਿਲਕਾ-152024, 6) ਸੰਜੀਵ ਕੁਮਾਰ ਡੂਮਰਾ ਪੁੱਤਰ ਓਮ ਪ੍ਰਕਾਸ਼ ਡੂਮਰਾ ਵਾਸੀ ਦਸ਼ਮੇਸ਼ ਨਗਰੀ, ਜਲਾਲਾਬਾਦ (ਵੈਸਟ) ਜ਼ਿਲ੍ਹਾ ਫਾਜ਼ਿਲਕਾ 152024, 7) ਰਜਨੀਸ਼ ਕੁਮਾਰ ਡੂਮਰਾ ਪੁੱਤਰ ਓਮ ਪ੍ਰਕਾਸ਼ ਡੂਮਰਾ ਵਾਸੀ ਦਸ਼ਮੇਸ਼ ਨਗਰੀ, ਜਲਾਲਾਬਾਦ (ਵੈਸਟ) ਜ਼ਿਲ੍ਹਾ ਫਾਜ਼ਿਲਕਾ 152024, 8) ਅਨਾਮਿਕਾ ਉਰਫ ਅੰਬਿਕਾ ਪਤਨੀ ਸੰਜੀਵ ਕੁਮਾਰ ਵਾਸੀ ਦਸ਼ਮੇਸ਼ ਨਗਰੀ, ਜਲਾਲਾਬਾਦ (ਵੈਸਟ) ਜ਼ਿਲ੍ਹਾ ਫਾਜ਼ਿਲਕਾ 152024	06.11.2025 / 07.05.2026 / ₹ 2,36,06,437.00 ਜਮ੍ਹਾਂ ਬਣਦਾ ਹੋਰ ਵਿਆਜ	ਸੇਲ ਡੀਡ ਨੰ. 3098, ਮਿਤੀ 11/12/2002 ਤਹਿਤ ਸ਼੍ਰੀ ਰੰਜੀਵ ਡੂਮਰਾ ਅਤੇ ਸ਼੍ਰੀ ਰਜਨੀਸ਼ ਡੂਮਰਾ ਪੁੱਤਰ ਸ਼੍ਰੀ ਓਮ ਪ੍ਰਕਾਸ਼ ਡੂਮਰਾ ਪੁੱਤਰ ਅਮੀ ਚੰਦ ਡੂਮਰਾ ਦੇ ਨਾਮ ’ਤੇ ਰਜਿਸਟਰਡ ਦਸ਼ਮੇਸ਼ ਨਗਰੀ, ਜਲਾਲਾਬਾਦ (ਵੈਸਟ), ਤਹਿਸੀਲ ਜਲਾਲਾਬਾਦ (ਵੈਸਟ), ਜ਼ਿਲ੍ਹਾ ਫਾਜ਼ਿਲਕਾ ਵਿਖੇ ਸਥਿਤ ਜਾਇਦਾਦ ਦੇ ਸਾਰੇ ਅਨਿੱਖੜਵੇਂ ਹਿੱਸੇ ਭਾਵ ਜ਼ਮੀਨ ਰਕਬਾ 9 ਮਰਲੇ ਭਾਵ 1 ਕਨਾਲ 8 ਮਰਲੇ ਦਾ 9/28 ਹਿੱਸਾ, ਰੈਕਟ ਨੰ. 67, ਕਿੱਲਾ ਨੰ. 11/2(1-8), ਖੇਵਟ ਨੰ. 892, ਹਦਬਸਤ ਨੰ. 196, ਮਿਉਂਸੀਪਲ ਕਮੇਟੀ ਨੰ. 1825. ਜ਼ਮੀਨ ਰਕਬਾ 9 ਮਰਲੇ ਵਿੱਚੋਂ ਜਾਇਦਾਦ ਰਕਬਾ 7 ਮਰਲੇ ਦੀਆਂ ਹੱਦਾਂ ਇੰਝ ਹਨ : ਪੂਰਬ : ਸੰਜੀਵ ਕੁਮਾਰ, ਪੱਛਮ : ਰੰਜੀਵ ਡੂਮਰਾ ਅਤੇ ਵੌਂਡਰ ਆਦਿ, ਉੱਤਰ: ਸੜਕ, ਦੱਖਣ: ਸੁਖਦੇਵ ਸਿੰਘ ਅਤੇ ਜਾਇਦਾਦ ਰਕਬਾ 2 ਮਰਲੇ ਦੀਆਂ ਹੱਦਾਂ ਇੰਝ ਹਨ : ਪੂਰਬ : ਰੰਜੀਵ ਡੂਮਰਾ ਵੌਂਡਰ ਆਦਿ, ਪੱਛਮ: ਦੀਯਾ ਸਿੰਘ, ਉੱਤਰ: ਗੁਰਚਰਨ ਸਿੰਘ, ਦੱਖਣ: ਸੁਖਦੇਵ ਸਿੰਘ। ਜਾਇਦਾਦ ਨੰ. 2: ਸੇਲ ਡੀਡ ਨੰ. 338 ਮਿਤੀ 07/05/2002 ਤਹਿਤ ਸੰਜੀਵ ਕੁਮਾਰ ਪੁੱਤਰ ਸ਼੍ਰੀ ਓਮ ਪ੍ਰਕਾਸ਼ ਪੁੱਤਰ ਸ਼੍ਰੀ ਅਮੀ ਚੰਦ ਅਤੇ ਅੰਬਿਕਾ ਪਤਨੀ ਸ਼੍ਰੀ ਸੰਜੀਵ ਕੁਮਾਰ ਪੁੱਤਰ ਸ਼੍ਰੀ ਓਮ ਪ੍ਰਕਾਸ਼ ਦੇ ਨਾਮ ’ਤੇ ਰਜਿਸਟਰਡ ਐਫ.ਐਫ. ਰੋਡ ਜਲਾਲਾਬਾਦ (ਵੈਸਟ), ਤਹਿਸੀਲ ਜਲਾਲਾਬਾਦ (ਵੈਸਟ), ਜ਼ਿਲ੍ਹਾ ਫਾਜ਼ਿਲਕਾ ਵਿਖੇ ਸਥਿਤ ਜਾਇਦਾਦ ਦੇ ਸਾਰੇ ਅਨਿੱਖੜਵੇਂ ਹਿੱਸੇ ਭਾਵ ਪਲਾਟ ਰਕਬਾ 4 ਮਰਲੇ (12 ਫੁੱਟ ਚੌੜਾਈ ਅਤੇ ਲਗਭਗ 100 ਫੁੱਟ ਲੰਬਾਈ) ਜਾਇਦਾਦ ਨੰ. 1825/2. ਹੱਦਾਂ ਇੰਝ ਹਨ : ਪੂਰਬ: ਜੀਵਨ ਸਿੰਘ, ਪੱਛਮ: ਸੁੱਚਾ ਸਿੰਘ, ਉੱਤਰ: ਸੜਕ, ਦੱਖਣ: ਸੁਖਦੇਵ ਸਿੰਘ। ਜਾਇਦਾਦ ਨੰ. 3: ਸੇਲ ਡੀਡ ਨੰ. 3657 ਮਿਤੀ 05/10/2005 ਤਹਿਤ ਸ਼੍ਰੀ ਰੰਜੀਵ ਡੂਮਰਾ ਅਤੇ ਸ਼੍ਰੀ ਰਜਨੀਸ਼ ਡੂਮਰਾ ਪੁੱਤਰਾਨ ਸ਼੍ਰੀ ਓਮ ਪ੍ਰਕਾਸ਼ ਡੂਮਰਾ ਪੁੱਤਰ ਅਮੀ ਚੰਦ ਡੂਮਰਾ ਦੇ ਨਾਮ ’ਤੇ ਰਜਿਸਟਰਡ ਜਲਾਲਾਬਾਦ (ਵੈਸਟ), ਤਹਿਸੀਲ ਜਲਾਲਾਬਾਦ (ਵੈਸਟ), ਜ਼ਿਲ੍ਹਾ ਫਾਜ਼ਿਲਕਾ ਵਿਖੇ ਸਥਿਤ ਜਾਇਦਾਦ ਦੇ ਸਾਰੇ ਅਨਿੱਖੜਵੇਂ ਹਿੱਸੇ ਭਾਵ ਜ਼ਮੀਨ ਰਕਬਾ 1 ਮਰਲਾ (11'5" X 22'6") ਭਾਵ 1 ਕਨਾਲ 8 ਮਰਲੇ ਦਾ 1/28 ਹਿੱਸਾ, ਜਿਸ ਵਿੱਚ ਰੈਕਟ ਨੰ. 67, ਕਿਲਾ ਨੰ. 11/2(1-8), ਖੇਵਟ ਨੰ. 937, ਸਾਲ 2003-04 ਦੀ ਜਮ੍ਹਾਂਬੰਦੀ ਦੇ ਅਨੁਸਾਰ, ਹੱਦਾਂ ਇੰਝ ਹਨ : ਪੂਰਬ: ਸੰਜੀਵ ਕੁਮਾਰ, ਪੱਛਮ: ਦਿਆਲ ਸਿੰਘ, ਉੱਤਰ: ਸੜਕ, ਦੱਖਣ: ਰੰਜੀਵ ਡੂਮਰਾ ਆਦਿ। (ਕਬਜ਼ੇ ਦੀ ਕਿਸਮ : ਸੰਕੇਤਕ)	Rs. 2,80,25,000/- / Rs. 28,02,500/- / Rs. 10,000.00	
2.	ਜਲਾਲਾਬਾਦ — ਕਰਜ਼ਦਾਰ/ਮਲਕੀਅਤ : 1) ਮੈਸ. ਆਨੰਦ ਪੈਸਟੀਸਾਈਡਜ਼, ਸਾਹਮਣੇ ਨਿਊ ਪਾਵਰ ਹਾਊਸ ਐੱਫ.ਐੱਫ. ਰੋਡ, ਜਲਾਲਾਬਾਦ (ਵੈਸਟ), ਜ਼ਿਲ੍ਹਾ ਫਾਜ਼ਿਲਕਾ-152024. 2) ਰੰਜੀਵ ਕੁਮਾਰ ਡੂਮਰਾ ਪੁੱਤਰ ਓਮ ਪ੍ਰਕਾਸ਼ ਡੂਮਰਾ, ਵਾਸੀ 584/2, ਓ.ਬੀ.ਸੀ. ਰੋਡ, ਨੇੜੇ ਰਾਮ ਲੀਲਾ ਚੌਕ, ਜਲਾਲਾਬਾਦ (ਵੈਸਟ), ਫਾਜ਼ਿਲਕਾ-152024. ਗਾਰੰਟਰ/ਗਿਰਵੀਕਾਰ : 1) ਰਜਨੀਸ਼ ਕੁਮਾਰ ਡੂਮਰਾ ਪੁੱਤਰ ਓਮ ਪ੍ਰਕਾਸ਼ ਡੂਮਰਾ 2) ਸੰਜੀਵ ਕੁਮਾਰ ਡੂਮਰਾ ਪੁੱਤਰ ਓਮ ਪ੍ਰਕਾਸ਼ ਡੂਮਰਾ ਦੋਵੇਂ ਵਾਸੀ ਵਾਸੀ ਦਸ਼ਮੇਸ਼ ਨਗਰੀ, ਜਲਾਲਾਬਾਦ (ਵੈਸਟ), ਜ਼ਿਲ੍ਹਾ ਫਾਜ਼ਿਲਕਾ -152024.	06.11.2025 / 12.02.2026 / ₹ 71,56,819.00 ਜਮ੍ਹਾਂ ਬਣਦਾ ਹੋਰ ਵਿਆਜ	ਦਸ਼ਮੇਸ਼ ਨਗਰੀ, ਤਹਿਸੀਲ ਜਲਾਲਾਬਾਦ (ਪੱਛਮੀ), ਜ਼ਿਲ੍ਹਾ ਫਾਜ਼ਿਲਕਾ ਵਿਖੇ ਸਥਿਤ ਜਾਇਦਾਦ ਦੇ ਸਾਰੇ ਅਨਿੱਖੜਵੇਂ ਹਿੱਸੇ ਭਾਵ ਜ਼ਮੀਨ ਰਕਬਾ 04 ਮਰਲੇ ਭਾਵ 17 ਮਰਲੇ ਦਾ 4/17 ਸ਼ੇਅਰ ਖਸਰਾ ਨੰ. 80M//4/1/1/5/2(0-17) ਖੇਵਟ ਨੰ. 1691 ਵਿੱਚ ਸ਼ਾਮਲ ਅਤੇ ਜ਼ਮੀਨ ਰਕਬਾ 1.50 ਮਰਲੇ ਭਾਵ 12 ਮਰਲੇ ਦਾ 3/24 ਸ਼ੇਅਰ, ਖਸਰਾ ਨੰ. 80M//4/1/1/6/5/3/4(0-12),ਖੇਵਟ ਨੰ. 1691 ਵਿੱਚ ਸ਼ਾਮਲ ਦੋਵੇਂ ਜਾਇਦਾਦਾਂ ਵਸੀਕਾ ਨੰ. 344 ਮਿਤੀ 11.05.2009 ਤਹਿਤ ਸ਼੍ਰੀ ਸੰਜੀਵ ਕੁਮਾਰ ਪੁੱਤਰ ਸ਼੍ਰੀ ਓਮ ਪ੍ਰਕਾਸ਼ ਪੁੱਤਰ ਅਮੀ ਚੰਦ ਦੇ ਨਾਮ ’ਤੇ ਰਜਿਸਟਰਡ ਹਨ, ਹੱਦਾਂ ਇੰਝ ਹਨ : ਪੂਰਬ: ਸ਼ਸ਼ੀ ਬਾਲਾ, ਪੱਛਮ: ਵਿਕਾਸ ਕੁਮਾਰ, ਉੱਤਰ: ਦੇਵੀ ਦਾਸ, ਦੱਖਣ: ਗਲੀ। (ਕਬਜ਼ੇ ਦੀ ਕਿਸਮ : ਭੌਤਿਕ)	Rs. 76,04,000/- / Rs. 7,60,400/- / Rs. 10,000.00	
3.	ਜਲਾਲਾਬਾਦ — ਕਰਜ਼ਦਾਰ/ਮਲਕੀਅਤ/ਗਾਰੰਟਰ/ਗਿਰਵੀਕਾਰ : 1) ਰਜਨੀਸ਼ ਕੁਮਾਰ ਡੂਮਰਾ ਪੁੱਤਰ ਸ਼੍ਰੀ ਓਮ ਪ੍ਰਕਾਸ਼ ਡੂਮਰਾ, ਦਸ਼ਮੇਸ਼ ਨਗਰ, ਜਲਾਲਾਬਾਦ (ਵੈਸਟ) ਫਾਜ਼ਿਲਕਾ-152024. 2) ਓਮ ਪ੍ਰਕਾਸ਼ ਡੂਮਰਾ (ਹੁਣ ਮ੍ਰਿਤਕ) ਪੁੱਤਰ ਸ਼੍ਰੀ ਅਮੀ ਚੰਦ ਡੂਮਰਾ (ਕਰਜ਼ਦਾਰ) ਆਪਣੇ ਕਾਨੂੰਨੀ ਵਾਰਸਾਂ ਰਾਹੀਂ ਜਿਨ੍ਹਾਂ ਦੇ ਨਾਮ ਹਨ (ਏ) ਰੰਜੀਵ ਕੁਮਾਰ ਡੂਮਰਾ ਪੁੱਤਰ ਸ਼੍ਰੀ ਓਮ ਪ੍ਰਕਾਸ਼ ਡੂਮਰਾ ਵਾਸੀ 584/2, ਓਬੀਸੀ ਰੋਡ, ਨੇੜੇ ਰਾਮ ਲੀਲਾ ਚੌਕ, ਜਲਾਲਾਬਾਦ (ਵੈਸਟ) ਜ਼ਿਲ੍ਹਾ ਫਾਜ਼ਿਲਕਾ-152024 (ਬੀ) ਸੰਜੀਵ ਕੁਮਾਰ ਪੁੱਤਰ ਓਮ ਪ੍ਰਕਾਸ਼ ਡੂਮਰਾ ਵਾਸੀ ਵਾਰਡ ਨੰ. 6, ਦਸ਼ਮੇਸ਼ ਨਗਰ, ਜਲਾਲਾਬਾਦ (ਵੈਸਟ), ਫਾਜ਼ਿਲਕਾ-152024 (ਸੀ) ਸੋਨੀਆ ਪੁੱਤਰੀ ਸ਼੍ਰੀ ਓਮ ਪ੍ਰਕਾਸ਼ ਵਾਸੀ ਲਹਿਰੀ ਸਟਰੀਟ, ਦਸ਼ਮੇਸ਼ ਨਗਰ, ਜਲਾਲਾਬਾਦ (ਵੈਸਟ) ਫਾਜ਼ਿਲਕਾ-152024.	06.11.2025 / 12.02.2026 / ₹ 69,98,145.00 ਜਮ੍ਹਾਂ ਬਣਦਾ ਹੋਰ ਵਿਆਜ	ਜਾਇਦਾਦ ਦੇ ਸਾਰੇ ਅਨਿੱਖੜਵੇਂ ਹਿੱਸੇ ਭਾਵ ਭਾਵ ਜ਼ਮੀਨ ਰਕਬਾ 6 ਮਰਲੇ (24½×71½) ਜਿਸ ਦਾ ਵੇਰਵਾ ਜ਼ਮੀਨ ਰਕਬਾ 04 ਮਰਲੇ ਭਾਵ 01 ਕਨਾਲ 19 ਮਰਲੇ ਦਾ 04/39 ਸ਼ੇਅਰ ਵਜੋਂ ਦਿੱਤਾ ਗਿਆ, ਖਸਰਾ ਨੰ. 67M//24/1/4(1-19) ਅਤੇ ਜ਼ਮੀਨ ਰਕਬਾ 2½ ਮਰਲੇ ਭਾਵ 01 ਕਨਾਲ 11 ਮਰਲੇ ਦਾ 5/62 ਸ਼ੇਅਰ, ਖਸਰਾ ਨੰ. 79M//4/1/(1-11), ਖੇਵਟ ਨੰ. 1877 ਵਿੱਚ ਸ਼ਾਮਲ, ਸਾਲ 2008-09 ਲਈ ਜਮ੍ਹਾਂਬੰਦੀ ਅਨੁਸਾਰ, ਹਦਬਸਤ ਨੰ. 196, ਜਲਾਲਾਬਾਦ (ਵੈਸਟ), ਜ਼ਿਲ੍ਹਾ ਫਾਜ਼ਿਲਕਾ ਵਿਖੇ ਸਥਿਤ ਸ਼੍ਰੀ ਰਜਨੀਸ਼ ਡੂਮਰਾ ਦੇ ਨਾਮ ’ਤੇ ਟਾਈਟਲ ਡੀਡ ਨੰ. 2769 ਮਿਤੀ 28.08.2012 ਤਹਿਤ ਰਜਿਸਟਰਡ (9 ਦੁਕਾਨਾਂ ਪੂਰੀ ਮਲਕੀਅਤ ’ਤੇ ਹਨ ਅਤੇ ਰਸਤਾ ਸ਼ੇਅਰਿੰਗ ਮਲਕੀਅਤ ਦੇ ਆਧਾਰ ’ਤੇ ਹੈ)। ਹੱਦਾਂ ਇੰਝ ਹਨ : ਪੂਰਬ: ਰਾਮ ਚੰਦ ਮੈਣੀ, ਪੱਛਮ: ਗਲੀ, ਉੱਤਰ: ਗਲੀ, ਦੱਖਣ: ਅਨਿਲ ਕੁਮਾਰ। (ਕਬਜ਼ੇ ਦੀ ਕਿਸਮ : ਭੌਤਿਕ)	Rs. 56,62,000/- / Rs. 5,66,200/- / Rs. 10,000.00	
4.	ਮਾਈ ਹੀਰਾਂ ਗੇਟ — ਕਰਜ਼ਦਾਰ : 1. ਸ਼੍ਰੀ ਵਿਸ਼ਾਲ ਜੈਨ ਪੁੱਤਰ ਸ਼੍ਰੀ ਰਮੇਸ਼ ਕੁਮਾਰ ਜੈਨ, 2. ਸ਼੍ਰੀਮਤੀ ਮਮਤਾ ਰਾਣੀ ਪਤਨੀ ਸ਼੍ਰੀ ਰਮੇਸ਼ ਕੁਮਾਰ ਜੈਨ, ਦੋਵੇਂ ਵਾਸੀ ਮਕਾਨ ਨੰ. ਈਐੱਲ 18, ਮੁਹੱਲਾ ਕਾਲੋਵਾਨੀ, ਅਟਾਰੀ ਬਾਜ਼ਾਰ ਜਲੰਧਰ, ਪੰਜਾਬ-144001 ਅਤੇ ਗਾਰੰਟਰ ਸ਼੍ਰੀ ਰਮੇਸ਼ ਕੁਮਾਰ ਪੁੱਤਰ ਸ਼੍ਰੀ ਰੂਪ ਲਾਲ ਜੈਨ, ਮਕਾਨ ਨੰ. ਈਐੱਲ 18, ਮੁਹੱਲਾ ਕਾਲੋਵਾਨੀ, ਜਲੰਧਰ, ਪੰਜਾਬ-144001	13.05.2025 / 25.08.2025 / ₹ 9,53,640.00 ਜਮ੍ਹਾਂ ਬਣਦਾ ਹੋਰ ਵਿਆਜ	ਸੇਲ ਡੀਡ ਨੰ. 2712 ਮਿਤੀ 27.06.2005 ਤਹਿਤ ਮਕਾਨ ਨੰ. ਈਐੱਲ 18, ਮੁਹੱਲਾ ਕਾਲੋਵਾਨੀ, ਅਟਾਰੀ ਬਾਜ਼ਾਰ ਜਲੰਧਰ ਵਿਖੇ ਸਥਿਤ ਜਾਇਦਾਦ ਦੇ ਸਾਰੇ ਅਨਿੱਖੜਵੇਂ ਹਿੱਸੇ ਭਾਵ ਰਿਹਾਇਸ਼ੀ ਮਕਾਨ ਰਕਬਾ 2.25 ਮਰਲੇ ਅਤੇ ਹੱਦਾਂ ਇੰਝ ਹਨ : ਪੂਰਬ ਵੱਲ : ਰਸਤਾ, ਪੱਛਮ ਵੱਲ : ਦੀਵਾਨ ਚੰਦ ਦਾ ਮਕਾਨ, ਉੱਤਰ ਵੱਲ : ਗਲੀ, ਦੱਖਣ ਵੱਲ : ਗਲੀ (ਕਬਜ਼ੇ ਦੀ ਕਿਸਮ : ਭੌਤਿਕ)	Rs. 14,10,000.00 / Rs. 1,41,000.00 / Rs. 10,000.00	
5.	ਮਾਨਸਾ — 1. ਮੈਸ. ਰਾਮ ਲਾਲ ਐਂਡ ਸੰਨਜ਼ (ਮਾਲਕੀ ਫਰਮ) ਮਾਲਕ ਸ਼੍ਰੀਮਤੀ ਸ਼ੀਲਾ ਦੇਵੀ, ਦੁਕਾਨ ਨੰ. 76, ਪੁਰਾਣੀ ਅਨਾਜ ਮੰਡੀ, ਮਾਨਸਾ-151505 ਰਾਹੀਂ, 2. ਸ਼੍ਰੀਮਤੀ ਸ਼ੀਲਾ ਦੇਵੀ ਪਤਨੀ ਸ਼੍ਰੀ ਬਸੰਤ ਲਾਲ ਵਾਸੀ ਰਾਮਜੀ ਪ੍ਰਧਾਨ ਵਾਲੀ ਗਲੀ, ਨੇੜੇ ਈਜ਼ੀਡੇ, ਮਾਨਸਾ-151505 ਅਤੇ ਗਾਰੰਟਰ 1. ਸ਼੍ਰੀ ਸੁਧਾਮ ਚੰਦ ਪੁੱਤਰ ਸ਼੍ਰੀ ਕਾਹਨ ਚੰਦ, ਮਕਾਨ ਨੰ. 178, ਵਾਰਡ ਨੰ. 8, ਇੰਸਪੈਕਟਰ ਚੌੜ ਸਿੰਘ ਵਾਲੀ ਗਲੀ, ਨੇੜੇ ਢੋਲ ਸਕੂਲ, ਮਾਨਸਾ।	11.06.2019 / 18.07.2020 / Rs. 14,97,468.90 ਜਮ੍ਹਾਂ ਬਣਦਾ ਹੋਰ ਵਿਆਜ	ਸੇਲ ਡੀਡ ਨੰ. 6254 ਮਿਤੀ 17.02.2004 ਤਹਿਤ ਸੁਧਾਮ ਚੰਦ ਪੁੱਤਰ ਕਾਹਨ ਸਿੰਘ ਵਾਸੀ ਵਾਰਡ ਨੰ. 8 ਚੌੜ ਸਿੰਘ, ਵਾਲੀ ਗਲੀ, ਨੇੜੇ ਢੋਲ ਸਕੂਲ ਮਾਨਸਾ ਤਹਿਸੀਲ ਤੇ ਜ਼ਿਲ੍ਹਾ ਮਾਨਸਾ ਦੀ ਮਾਲਕੀ ਹੇਠ ਜਾਇਦਾਦ ਦੇ ਸਾਰੇ ਅਨਿੱਖੜਵੇਂ ਹਿੱਸੇ ਮਕਾਨ ਨੰ. 178, ਵਾਰਡ ਨੰ. 8, ਇੰਸਪੈਕਟਰ ਚੌੜ ਸਿੰਘ ਗਲੀ, ਨੇੜੇ ਢੋਲ ਸਕੂਲ ਮਾਨਸਾ, ਰਕਬਾ 152.77 ਵਰਗ ਗਜ਼ ਕਵਰਡ ਏਰੀਆ 120 ਫੁੱਟ ਰਕਬਾ 27½ x 50 ਵਰਗ ਫੁੱਟ ਜਿਸਦੀਆਂ ਹੱਦਾਂ ਇੰਝ ਹਨ : ਉੱਤਰ : 27½ ਵਰਗ ਫੁੱਟ ਗੁਰਨਾਮ ਸਿੰਘ, ਦੱਖਣ : ਗਲੀ ਚੌੜੀ ਮਕਾਨ 272 ਪੂਰਬ : 50’ ਮੰਗੂ ਰਾਮ, ਪੱਛਮ : 50’ ਮੰਗੂ ਰਾਮ। (ਕਬਜ਼ੇ ਦੀ ਕਿਸਮ : ਭੌਤਿਕ)	Rs. 11,00,000/- / Rs. 1,10,000/- / Rs. 25,000.00	
6.	ਹੁਸ਼ਿਆਰਪੁਰ — 1. ਮੈਸ. ਸਾਈ ਚੇਨ ਹਾਊਸ, ਗਲੀ ਨੰ. 4, ਮੁਹੱਲਾ ਨਰਾਇਣ ਨਗਰ, ਨੇੜੇ ਸੁੱਕੂ ਚੋਈ ਕੁਟੀਆ, ਹੁਸ਼ਿਆਰਪੁਰ, ਪੰਜਾਬ-146001, 2. ਸ਼੍ਰੀ ਅਮਨਦੀਪ ਪੁੱਤਰ ਅਸ਼ੋਕ ਕੁਮਾਰ (ਭਾਈਵਾਲ), ਵਾਸੀ ਗਲੀ ਨੰ. 4, ਨਰਾਇਣ ਨਗਰ, ਨੇੜੇ ਸੁੱਕੀ ਚੋਈ ਕੁਟੀਆ, ਹੁਸ਼ਿਆਰਪੁਰ, ਪੰਜਾਬ 146001, 3. ਸ਼੍ਰੀ ਰਣਜੀਵ ਕੁਮਾਰ ਪੁੱਤਰ ਸਤਪਾਲ (ਭਾਈਵਾਲ), ਮਕਾਨ ਨੰ. 316, ਵਾਰਡ ਨੰ. 4, ਨੇੜੇ ਐਮ.ਸੀ. ਦਫ਼ਤਰ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ 144205, 4. ਸ਼੍ਰੀ ਹਰਸ਼ ਵਰਮਾ ਪੁੱਤਰ ਰਾਕੇਸ਼ ਵਰਮਾ (ਭਾਈਵਾਲ), ਵਾਸੀ ਮਕਾਨ ਨੰ. 61, ਆਦਰਸ਼ ਨਗਰ, ਨੇੜੇ ਚਿੱਕ ਚਿੱਕ ਹਾਊਸ, ਜਲੰਧਰ, ਪੰਜਾਬ, 144001, 5. ਸ਼੍ਰੀ ਅਸ਼ੋਕ ਕੁਮਾਰ ਪੁੱਤਰ ਪੂਰਨ ਚੰਦ (ਗਾਰੰਟਰ), ਮਕਾਨ ਨੰ. 15, ਸਿਵਲ ਲਾਈਨਜ਼ ਐਕਸਟੈਂਸ਼ਨ, ਨੇੜੇ ਚਰਚ, ਹੁਸ਼ਿਆਰਪੁਰ 146001, 6. ਸ਼੍ਰੀ ਅਸ਼ੋਕ ਕੁਮਾਰ ਪੁੱਤਰ ਸ਼੍ਰੀ ਪੂਰਨ ਚੰਦ (ਗਾਰੰਟਰ), ਮਕਾਨ ਨੰ. ਬੀ 4/960, ਸ਼ੀਸ਼ ਮਹਿਲ ਬਾਜ਼ਾਰ, ਹੁਸ਼ਿਆਰਪੁਰ 146001.	30.08.2022 / 15.06.2023 / Rs. 30,52,060/- ਜਮ੍ਹਾਂ ਬਣਦਾ ਹੋਰ ਵਿਆਜ	ਮਿਤੀ 18/03/2016 ਦੇ ਸੇਲ ਡੀਡ ਨੰ. 7949 ਅਨੁਸਾਰ ਸਬ-ਰਜਿਸਟਰਾਰ ਹੁਸ਼ਿਆਰਪੁਰ ਕੋਲ ਸ਼੍ਰੀ ਅਸ਼ੋਕ ਕੁਮਾਰ ਪੁੱਤਰ ਪੂਰਨ ਚੰਦ ਦੇ ਨਾਮ ’ਤੇ ਰਜਿਸਟਰਡ ਪਿੰਡ ਬਹਾਦਰਪੁਰ, ਐੱਚਬੀ. ਨੰ. 358, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਥਿਤ ਖਸਰਾ ਨੰ. 2925/2594/430 (4-13), 420(1-5), 421(0-12), 1630/1927(1-19), 1936/1428(5-19), 2355/431 (0-12), 2595/430(0-14), 422(13-7), 2629/1427 (2-0), ਖਾਤਾ ਨੰ. 559/657, 561/659, 562/660, 563/661, 564/662 ਵਿਚ ਸ਼ਾਮਲ ਜਾਇਦਾਦ ਦੇ ਸਾਰੇ ਅਨਿੱਖੜਵੇਂ ਹਿੱਸੇ ਭਾਵ ਰਿਹਾਇਸ਼ੀ ਜਾਇਦਾਦ, ਰਕਬਾ 0 ਕਨਾਲ 8 ਮਰਲੇ 4 ਸਰਸਾਈ ਅਤੇ ਹੱਦਾਂ ਇੰਝ ਹਨ : ਪੂਰਬ ਵੱਲ - ਹੋਰ ਮਾਲਕ, ਪੱਛਮ ਵੱਲ - ਰਸਤਾ, ਉੱਤਰ ਵੱਲ - ਹੋਰ ਮਾਲਕ, ਦੱਖਣ ਵੱਲ - ਹੋਰ ਮਾਲਕ। (ਕਬਜ਼ੇ ਦੀ ਕਿਸਮ : ਭੌਤਿਕ)	Rs. 27,09,000/- / Rs. 2,70,900/- / Rs. 10,000/-	
7.	ਮੌੜ ਮੰਡੀ, ਬਠਿੰਡਾ — ਸ਼੍ਰੀਮਤੀ ਸ਼ਗਨਪ੍ਰੀਤ ਕੌਰ ਚਾਹਲ ਪਤਨੀ ਨਿੱਕਾ ਸਿੰਘ, 241, ਨੰਥੇਹਾ, ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ-151509. ਸਥਾਨਕ ਪਤਾ : ਰਵਿਦਾਸ ਮੰਦਰ ਨੇੜੇ ਡੀ.ਏ.ਵੀ. ਸਕੂਲ, ਮੌੜ ਮੰਡੀ, ਜ਼ਿਲ੍ਹਾ ਬਠਿੰਡਾ।	22.04.2021 / 02.07.2025 / Rs. 5,79,112/- ਜਮ੍ਹਾਂ ਬਣਦਾ ਹੋਰ ਵਿਆਜ	ਸੇਲ ਡੀਡ ਨੰ. 909 ਮਿਤੀ 16.07.2014 ਅਨੁਸਾਰ ਸਬ-ਰਜਿਸਟਰਾਰ ਮੌੜ ਮੰਡੀ ਕੋਲ ਸ਼੍ਰੀਮਤੀ ਸ਼ਗਨਪ੍ਰੀਤ ਕੌਰ ਚਾਹਲ ਪਤਨੀ ਨਿੱਕਾ ਸਿੰਘ ਪੁੱਤਰ ਜੋਗਿੰਦਰ ਸਿੰਘ ਦੇ ਨਾਮ ’ਤੇ ਰਵਿਦਾਸ ਮੰਦਰ ਨੇੜੇ ਡੀ.ਏ.ਵੀ. ਸਕੂਲ, ਮੌੜ ਮੰਡੀ ਵਿਖੇ ਸਥਿਤ ਜਾਇਦਾਦ ਦਾ ਸਾਰੇ ਅਨਿੱਖੜਵੇਂ ਹਿੱਸੇ ਭਾਵ ਤਿੰਨ ਮੰਜ਼ਿਲਾ ਰਿਹਾਇਸ਼ੀ ਮਕਾਨ, ਰਕਬਾ 100 ਵਰਗ ਗਜ਼ ਅਤੇ ਹੱਦਾਂ ਇੰਝ ਹਨ : ਪੂਰਬ ਵੱਲ : ਸ਼੍ਰੀਮਤੀ ਪ੍ਰਮੋਦ ਦੇਵੀ, ਪੱਛਮ ਵੱਲ : ਗਲੀ, : ਉੱਤਰ ਵੱਲ : ਦਇਆ ਚੰਦ ਦੀ ਜਾਇਦਾਦ, ਦੱਖਣ ਵੱਲ : ਰਵਿ ਦਾਸ ਮੰਦਰ। (ਕਬਜ਼ੇ ਦੀ ਕਿਸਮ : ਭੌਤਿਕ)	Rs. 15,78,000/- / Rs. 1,57,800/- / Rs. 10,000.00	
8.	ਬਠਿੰਡਾ — 1. ਮੈਸ. ਅੰਜਨਾ ਸਪਾਈਸ (ਇਸਦੇ ਮਾਲਕ ਸ਼੍ਰੀਮਤੀ ਅੰਜਨਾ ਪਤਨੀ ਰਵੀ ਕੁਮਾਰ ਰਾਹੀਂ) ਵਾਸੀ ਗਿੱਲ ਪੱਟੀ ਸਿਵੀਆਂ ਰੋਡ, ਨੇੜੇ ਗੁਰਦੁਆਰਾ, ਬਠਿੰਡਾ, ਪੰਜਾਬ-151001, ਅਤੇ ਸ਼੍ਰੀਮਤੀ ਅੰਜਨਾ ਪਤਨੀ ਰਵੀ ਕੁਮਾਰ, ਵਾਸੀ ਮਕਾਨ ਨੰ. ਐੱਮਸੀਬੀ/ਜ਼ੈੱਡ5-5543, ਗੁਰੂ ਗੋਬਿੰਦ ਨਗਰ, ਗਲੀ ਨੰ. 10/5, ਗੁਰੂ ਗੋਬਿੰਦ ਨਗਰ, ਬਠਿੰਡਾ-151001, ਅਤੇ ਸ਼੍ਰੀ ਰਵੀ ਕੁਮਾਰ ਪੁੱਤਰ ਸ਼੍ਰੀ ਕ੍ਰਿਸ਼ਨ ਕੁਮਾਰ, ਵਾਸੀ ਮਕਾਨ ਨੰ. ਐੱਮਸੀਬੀ/ਜ਼ੈੱਡ5-5543, ਗੁਰੂ ਗੋਬਿੰਦ ਨਗਰ, ਬਠਿੰਡਾ -151001 (ਗਾਰੰਟਰ ਵਜੋਂ)	10.09.2025 / 26.08.2026 / Rs. 15,89,140/- ਜਮ੍ਹਾਂ ਬਣਦਾ ਹੋਰ ਵਿਆਜ	ਸ਼੍ਰੀਮਤੀ ਅੰਜਨਾ ਰਾਣੀ ਪਤਨੀ ਸ਼੍ਰੀ ਰਵੀ ਕੁਮਾਰ ਅਤੇ ਸ਼੍ਰੀ ਰਵੀ ਕੁਮਾਰ ਪੁੱਤਰ ਸ਼੍ਰੀ ਕ੍ਰਿਸ਼ਨ ਕੁਮਾਰ ਦੇ ਨਾਮ ’ਤੇ ਸੇਲ ਡੀਡ ਨੰ. 5152 ਮਿਤੀ 11.09.2012 ਅਨੁਸਾਰ ਜ਼ਮੀਨ ਅਤੇ ਇਸ ’ਤੇ ਨਿਰਮਿਤ ਇਮਾਰਤ ਦੇ ਸਾਰੇ ਅਨਿੱਖੜਵੇਂ ਹਿੱਸੇ, ਰਕਬਾ 24.50 ਵਰਗ ਗਜ਼ ਐਮਸੀ ਨੰ. 8085, ਦੁਕਾਨ ਨੰ. 7, ਸਾਹਮਣੇ ਕ੍ਰਿਸ਼ਨਾ ਜਿਊਲਰਜ਼, ਗੋਪਾਲ ਮਾਰਕੀਟ, ਸਿਰਕੀ ਬਾਜ਼ਾਰ, ਬਠਿੰਡਾ। ਸੇਲ ਡੀਡ ਅਨੁਸਾਰ ਹੱਦਾਂ ਇੰਝ ਹਨ : ਉੱਤਰ ਵੱਲ : ਕ੍ਰਿਸ਼ਨ ਕੁਮਾਰ ਪੁੱਤਰ ਪੂਰਨ ਚੰਦ, ਦੱਖਣ ਵੱਲ: ਗਲੀ 11 ਚੌੜੀ, ਪੂਰਬ ਵੱਲ: ਦੁਕਾਨ ਨੰ. 6, ਪੱਛਮ ਵੱਲ: ਦੁਕਾਨ ਨੰ. 8 ਵਰਿੰਦਰ ਕੁਮਾਰ। (ਕਬਜ਼ੇ ਦੀ ਕਿਸਮ : ਭੌਤਿਕ)	Rs. 8,46,000/- / Rs. 84,600/- / Rs. 10,000.00	

ਈ-ਨਿਲਾਮੀ ‘ਜਿਵੇਂ ਹੈ ਜਿਥੇ ਹੈ’, ‘ਜੋ ਹੈ ਜਿਵੇਂ ਹੈ’ ਅਤੇ ‘ਜੋ ਵੀ ਹੈ ਉੱਥੇ ਹੈ’ ਆਧਾਰ ’ਤੇ ਕਰਵਾਈ ਜਾਣੀ ਹੈ। 1. ਅਧਿਕਾਰਤ ਅਫ਼ਸਰ ਦੇ ਸਰਬੋਤਮ ਗਿਆਨ ਅਤੇ ਸੂਚਨਾ ਮੁਤਾਬਿਕ ਇਥੇ ਜਾਇਦਾਦ ’ਤੇ ਕੋਈ ਝੰਜਟ ਨਹੀਂ ਹੈ, ਫਿਰ ਵੀ ਚਾਹਵਾਨ ਬੋਲੀਕਾਰ ਆਪਣੀ ਬੋਲੀ ਪੇਸ਼ ਕਰਨ ਤੋਂ ਪਹਿਲਾਂ ਨਿਲਾਮੀ ਲਈ ਰੱਖੀ ਜਾਇਦਾਦ ਦੇ ਟਾਈਟਲ ਅਤੇ ਦਾਅਵਿਆਂ/ਅਧਿਕਾਰਾਂ/ਬਕਾਇਆ ਜੋ ਕਿ ਜਾਇਦਾਦ ਨੂੰ ਪ੍ਰਭਾਵਿਤ ਕਰਦੇ ਹਨ ਸਬੰਧੀ ਆਪਣੇ ਤੌਰ ’ਤੇ ਹੀ ਜਾਂਚ-ਪੜਤਾਲ ਕਰ ਲੈਣ। 2. ਬੋਲੀਕਾਰਾਂ ਨੂੰ ਹੇਠਾਂ ਲਿਖੀਆਂ ਰਸਮਾਂ ਨੂੰ ਅਗਾਊਂ ਮੁਕੰਮਲ ਕਰਨਾ ਹੋਵੇਗਾ : ਸਟੈਪ-1 ਬੋਲੀਕਾਰ/ਖਰੀਦਦਾਰ ਦੀ ਰਜਿਸਟਰੇਸ਼ਨ : ਬੋਲੀਕਾਰ ਨੂੰ ਆਪਣੇ ਮੋਬਾਈਲ ਅਤੇ ਈ-ਮੇਲ ਆਈਡੀ ਦੀ ਵਰਤੋਂ ਕਰਕੇ ਈ-ਨਿਲਾਮੀ ਪੋਰਟਲ https://baanknet.com ’ਤੇ ਖੁਦ ਨੂੰ ਰਜਿਸਟਰਡ ਕਰਵਾਉਣਾ ਹੋਵੇਗਾ। ਸਟੈਪ-2 : ਕੇਵਾਈਸੀ ਪੜਤਾਲ : ਬੋਲੀਕਾਰ ਨੂੰ ਲੋੜੀਂਦੇ ਕੇਵਾਈਸੀ ਦਸਤਾਵੇਜ਼ ਅਪਲੋਡ ਕਰਨੇ ਹੋਣਗੇ। ਕੇਵਾਈਸੀ ਦਸਤਾਵੇਜ਼ਾਂ ਦੀ ਪੜਤਾਲ ਈ-ਨਿਲਾਮੀ ਸੇਵਾ ਪ੍ਰਦਾਤਾ ਦੁਆਰਾ ਕੀਤੀ ਹੋਣੀ ਚਾਹੀਦੀ ਹੈ। ਸਟੈਪ-3 : ਈਐਮਡੀ ਰਾਸ਼ੀ ਦੀ ਆਪਣੇ ਗਲੋਬਲ ਈਐਮਡੀ ਵੌਲੇਟ ਵਿਚ ਟਰਾਂਸਫਰ : ਐਨਈਐਫਟੀ/ਟਰਾਂਸਫਰ ਦੀ ਵਰਤੋਂ ਕਰਦਿਆਂ ਫੰਡ ਦੀ ਆਨਲਾਈਨ / ਆਫਲਾਈਨ ਟਰਾਂਸਫਰ, ਈ-ਪੋਰਟਲ ’ਤੇ ਤਿਆਰ ਕੀਤੇ ਚਾਲਾਨ ਦੀ ਵਰਤੋਂ ਕਰਦਿਆਂ। ਸਟੈਪ 1 ਤੋਂ 3 ਬੋਲੀਕਾਰ ਦੁਆਰਾ ਈ-ਨਿਲਾਮੀ ਦੀ ਮਿਤੀ ਤੋਂ ਪਹਿਲਾਂ ਅਗਾਊਂ ਮੁਕੰਮਲ ਕੀਤੇ ਜਾਣੇ ਹਨ। ਪਤੇ ਦੇ ਸਬੂਤ ਦੀ ਕਾਪੀ : ਜਿਸ ਤੋਂ ਬਿਨਾਂ ਬੋਲੀ ਰੱਦ ਕਰਨ ਯੋਗ ਹੈ। ਅਪਲੋਡਿੰਗ ਸਕੈਨਡ ਕਾਪੀ ਅੰਤਿਕਾ-II ਅਤੇ III ਦੀ (ਟੈਂਡਰ ਨੋਟਿਸ ਵਿਚ ਵਰਨਣ) ਪੂਰਣ ਰੂਪ ਵਿਚ ਭਰਨ ਅਤੇ ਹਸਤਾਖਰ ਕੀਤੇ ਜਾਣ ਤੋਂ ਬਾਅਦ। 3. ਈ-ਨਿਲਾਮੀ ਦੇ ਵਿਸਥਾਰਿਤ ਨਿਯਮਾਂ ਅਤੇ ਸ਼ਰਤਾਂ ਲਈ ਕਿਰਪਾ ਕਰਕੇ ਲਿੰਕ https://baanknet.com ਅਤੇ ਸਕਿਓਰਿਡ ਕ੍ਰੈਡੀਟਰ ਦੀ ਵੈੱਬਸਾਈਟ ਅਰਥਾਤ https://www.centralbank.bank.in/ ਦਾ ਈ-ਨਿਲਾਮੀ ਵਿਚ ਭਾਗ ਲੈਣ ਅਤੇ ਆਪਣੀ ਬੋਲੀ ਜਮ੍ਹਾਂ ਕਰਵਾਉਣ ਤੋਂ ਪਹਿਲਾਂ ਹਵਾਲਾ ਲਓ।

ਟਿੱਪਣੀ : ਨਿਲਾਮੀ ਲਈ ਰੱਖੀ ਗਈ ਜਾਇਦਾਦ/ਜਾਇਦਾਦਾਂ ਦੀ ਪੜਤਾਲ ਕਰਨ ਦੀ ਆਗਿਆ ਚਾਹਵਾਨ ਬੋਲੀਕਾਰਾਂ ਨੂੰ ਕੰਮਕਾਜ ਦੇ ਦਿਨਾਂ ਦੌਰਾਨ ਬਾ.ਦੁ. 02.00 ਤੋਂ 04.00 ਵਜੇ ਦਰਮਿਆਨ ਬਰਾਂਚ ਮੈਨੇਜਰ/ਅਧਿਕਾਰਤ ਅਫ਼ਸਰ ਦੇ ਨਾਲ ਅਗਾਊਂ ਸਮਾਂ ਲੈ ਕੇ ਅਤੇ ਸਲਾਹ-ਮਸ਼ਵਰਾ ਕਰਨ ਪਿੱਛੋਂ ਦਿੱਤੀ ਜਾਵੇਗੀ।

ਸਰਫੇਸੀ ਐਕਟ 2002 ਅਧੀਨ ਜਾਇਦਾਦ ਲਈ ਵਿਧਾਨਿ[illegible] 15/30 ਦਿਨਾਂ ਦਾ ਵਿਕਰੀ ਨੋਟਿਸ

ਕਰਜ਼ਦਾਰਾਂ/ ਗਾਰੰਟਰਾਂ ਨੂੰ ਇਸ ਦੁਆਰਾ ਅਧਿਸੂਚਿਤ ਕੀਤਾ ਜਾਂਦਾ ਹੈ ਕਿ ਈ ਨਿਲਾਮੀ ਦੀ ਮਿਤੀ ਤੋਂ ਪਹਿਲਾਂ ਹੁਣ ਤੱਕ ਲਾਗੂ ਵਿਆਜ ਅਤੇ ਫੁੱ[illegible] ਖਰਚਿਆਂ ਸਹਿਤ ਉਕਤ ਦਰਸਾਈ ਰਕਮ ਦੀ ਅਦਾਇਗੀ ਕਰ ਦੇਣ, ਅਸਫਲ ਰਹਿਣ ’ਤੇ ਜਾਇਦਾਦ ਨੂੰ ਨਿਲਾਮ/ਵੇਚ ਦਿੱਤਾ ਜਾਵੇਗਾ ਅਤੇ ਬਕਾਇਆ ਰਕਮ ਜੇਕਰ ਕੋਈ ਹੋਈ, ਵਿਆਜ ਅਤੇ ਲਾਗਤਾਂ ਸਹਿਤ ਵਸੂਲੀ ਜਾਵੇਗੀ।

ਮਿਤੀ : 23-09-2026 ਸਥਾਨ : ਜਲੰਧਰ (ਅਧਿਕਾਰਤ ਅਫ਼ਸਰ)